ਪੰਜਾਬੀ ਮਾਂ ਬੋਲੀ ਨੂੰ ਸਮਰਿਪਤ
ਅਮਰੀਕਾ ਦੀ ਧਰਤੀ 'ਤੇ ਪਿਛਲੇ ਕਈ ਸਾਲਾਂ ਤੋਂ ਛੱਪਣ ਵਾਲਾ ਅਖ਼ਬਾਰ
ਸ਼ਾਨੇ ਪੰਜਾਬ ਯੂਐਸਏ
ਤੁਹਾਡੇ ਮੋਬਾਈਲ 'ਤੇ

# ਸ਼ਾਨੇ ਪੰਜਾਬ USA

ਸੰਪਾਦਕ-ਹਰਬਖ਼ਸ਼ ਸਿੰਘ ਟਾਹਲੀ

@shanepunjabusa | E-mail: shaanepunjabusa@gmail.com

PUNJABI WEEKLY NEWS PAPER USA

XVVII, Issue 15 | 09 May, 2024 | Ph.: 516-924-5228, Fax: 347-230-5900 | WebSite: www.shanepunjabusa.com

## ਸ਼੍ਰੋਮਣੀ ਅਕਾਲੀ ਦਲ ਲੋਕ ਸਭਾ ਚੋਣਾਂ 'ਚ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗੀ: ਸ. ਪ੍ਰੀਤਮ ਸਿੰਘ ਗਿਲਜ਼ੀਆਂ



ਜਲੰਧਰ, (ਸੰਜੇ ਸ਼ਰਮਾ)-ਪੰਜਾਬ ਵਿਚ ਲੋਕ ਸਭਾ ਚੋਣਾਂ ਸਬੰਧੀ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਚੋਣ ਪ੍ਰਚਾਰ ਦਾ ਤੀਜਾ ਗੇੜ ਮੁਕੰਮਲ ਕਰ ਕੇ ਹੁਣ ਆਮ ਲੋਕਾਂ ਨਾਲ ਨਿੱਜੀ ਸੰਪਰਕ ਸ਼ੁਰੂ ਕਰ ਦਿੱਤਾ ਹੈ। ਇਸੇ ਤਰ੍ਹਾਂ ਜਲੰਧਰ ਲੋਕ ਸਭਾ ਸੀਟ ਤੋਂ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇ.ਪੀ ਦੀ ਚੋਣ ਮੁਹਿੰਮ ਨੂੰ ਵਿਉਂਤਬੰਦੀ ਤਰੀਕੇ ਨਾਲ ਚਲਾ ਰਹੇ ਹਨ। ਹੁਸ਼ਿਆਰਪੁਰ ਤੋਂ ਸੋਹਣ ਸਿੰਘ ਠੰਢਲ ਉਮੀਦਵਾਰ ਘੋਸ਼ਿਤ ਕੀਤੇ ਗਏ ਹਨ। ਇਨ੍ਹਾਂ ਵੱਲੋਂ ਲਗਤਾਰਾ ਰੈਲੀਆਂ ਅਤੇ ਮੀਟਿੰਗਾਂ ਨਾਲ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਵਿਦੇਸ਼ਾਂ ਵਿਚ ਵੀ ਇਨ੍ਹਾਂ ਚੋਣਾਂ ਨੂੰ ਲੈ ਕੇ ਵੱਖ-ਵੱਖ ਪਾਰਟੀਆਂ ਦੇ ਆਗੂ ਅਤੇ ਵਰਕਰਾਂ ਨਾਲੋਂ ਆਪਣੀ ਪਾਰਟੀ ਦੀ ਜਿੱਤ ਲਈ ਪੂਰੀ ਤਿਆਰੀ ਹੋ ਚੁੱਕੀ ਹੈ। ਇਨ੍ਹਾਂ ਚੋਣਾਂ ਸਬੰਧੀ ਸ਼੍ਰੋਮਣੀ ਅਕਾਲੀ ਦਲ ਨਿਊਯਾਰਕ ਦੇ ਆਗੂਆਂ ਵੱਲੋਂ ਵੱਖ-ਵੱਖ ਪ੍ਰਕਾਰ ਨਾਲ ਪਾਰਟੀ ਦੀ ਜਿੱਤ ਲਈ ਕਾਰਜ ਕੀਤੇ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਨਿਊਯਾਰਕ ਦੇ ਪ੍ਰਧਾਨ ਸ. ਪ੍ਰੀਤਮ ਸਿੰਘ ਗਿਲਜ਼ੀਆਂ ਨੇ ਕਿਹਾ ਕਿ ਪੰਜਾਬ ਦਾ ਜੋ ਵਿਕਾਸ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਦੀ ਯੋਗ ਅਗਵਾਈ ਵਿਚ ਹੋਇਆ ਅਜਿਹਾ ਵਿਕਾਸ ਅੱਜ ਤੱਕ ਕੋਈ ਪਾਰਟੀ ਨਾ ਕਰ ਪਾਈ ਹੈ ਅਤੇ ਨਾ ਹੀ ਕਰ ਪਾਏ ਹਨ। ਜੇ ਕਾਰਜ ਸ. ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਕੀਤੇ ਗਏ ਕੰਮਾਂ ਸਾਹਰਨਾ ਕਰਨਾ ਬਣਦਾ ਹੈ। ਜੇ ਪੰਜਾਬ ਦੀ ਤਰੱਕੀ ਦੀ ਗੱਲ ਕਰੀਏ ਤਾਂ ਸ. ਸੁਖਬੀਰ ਸਿੰਘ ਬਾਦਲ ਹੀ ਤਰੱਕੀ ਕਰਵਾ ਸਕਦੇ ਹਨ। ਇਸ ਲਈ ਪੰਜਬਾ ਦੇ ਲੋਕਾਂ ਨੂੰ ਇਨ੍ਹਾਂ ਚੋਣਾਂ ਵਿਚ ਪਾਰਟੀ ਨੂੰ 13 ਦੀਆਂ 13 ਸੀਟਾਂ 'ਤੇ ਜਿੱਤਾ ਕੇ ਲੋਕ ਸਭਾ ਵਿਚ ਭੇਜਣਾ ਚਾਹੀਦਾ ਹੈ ਤਾਂ ਜੋ ਉਹ ਪੰਜਾਬ ਨੂੰ ਹੋਰ ਅੱਗੇ ਵਧਾਉਣ ਲਈ ਕਏ ਦਰ ਨਾਲ ਰੱਖ ਕੇ ਯੋਜਨਾਵਾਂ ਬਣਾ ਸਕਣ ਅਤੇ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾ ਕੇ ਅੱਗੇ ਸਕਣ। ਉਨ੍ਹਾਂ ਨੇ ਕਿਹਾ ਕਿ ਸ. ਸੋਹਣ ਸਿੰਘ ਠੰਡਲ ਹੁਸ਼ਿਆਪੁਰ ਤੋਂ ਇਕਲੇ ਯੋਗ ਉਮੀਦਵਾਰ ਹਨ ਜੋ ਖੇਤਰ ਦੀ ਤੱਰਕੀ ਅਤੇ ਖ਼ੁਸ਼ਾਹਲੀ ਲਈ ਪਿਛਲੇ ਕਾਫੀ ਲੰਮੇ ਸਮੇਂ ਤੋਂ ਕਾਰਜ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਜੇ ਜਲੰਧਰ ਸ਼ਹਿਰ ਦੀ ਗੱਲ ਕਰੀਏ ਤਾਂ ਮਹਿੰਦਰ ਸਿੰਘ ਕੇਪੀ ਕਾਫੀ ਤਜਰਬੇਕਾਰ ਹਨ। ਉਨ੍ਹਾਂ ਨੇ ਲੋਕਾਂ ਲਈ ਵਧੇਰੇ ਕੰਮ ਕੀਤੇ ਹਨ। ਇਸ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਜਿਤਾਓ ਤਾਂਕਿ ਪੰਜਾਬ ਤਰੱਕੀ ਕਰੇ।

## ਨਿੱਝਰ ਦੀ ਹੱਤਿਆ 'ਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੇ ਦੋਸ਼ਾਂ 'ਤੇ ਕਾਇਮ: ਕੈਨੇਡਾ

ਓਟਵਾ, (ਸ਼.ਪ.)-ਕੈਨੇਡਾ ਦੀ ਵਿਦੇਸ ਮੰਤਰੀ ਮੇਲਾਨੀ ਜੌਲੀ ਨੇ ਕਿਹਾ ਹੈ ਕਿ ਓਟਵਾ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੇ ਦੋਸਾਂ 'ਤੇ ਕਾਇਮ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੌਲੀ ਨੇ ਕਿਹਾ ਕਿ ਨਿੱਝਰ ਦੀ ਹੱਤਿਆ ਦੀ ਜਾਂਚ ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, 'ਕੈਨੇਡਾ ਆਪਣੇ ਨਾਗਰਿਕਾਂ ਦੀ ਸੁਰੱਖਿਆ ਕਰਨ ਲਈ ਕੋਈ ਕਸਰ ਨਹੀਂ ਛੱਡੇਗਾ। ਅਸੀਂ ਉਨ੍ਹਾਂ ਦੋਸਾਂ 'ਤੇ ਕਾਇਮ ਹਾਂ ਕਿ ਕੈਨੇਡੀਅਨ ਜਮੀਨ 'ਤੇ ਭਾਰਤੀ ਏਜੰਟਾਂ ਵੱਲੋਂ ਕੈਨੇਡੀਅਨ ਦੀ ਹੱਤਿਆ ਕੀਤੀ ਗਈ ਸੀ। ਇਸ ਦੀ ਆਰਸੀਐੱਮਪੀ ਜਾਂਚ ਕਰ ਰਹੀ ਹੈ। ਮੈਂ ਅੱਗੇ ਕੋਈ ਟਿੱਪਣੀ ਨਹੀਂ ਕਰਾਂਗੀ।" ਉਧਰ ਭਾਰਤ ਇਸ ਮਾਮਲੇ 'ਚ ਕੈਨੇਡਾ ਤੋਂ ਸਬੂਤ ਮੰਗ ਰਿਹਾ ਹੈ ਪਰ ਹਾਲੇ ਤੱਕ ਉਸ ਨੇ ਕੋਈ ਸਬੂਤ ਪੇਸ਼ ਨਹੀਂ ਕੀਤਾ।

ਉਧਰ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਦੋਸ਼ ਵਿਚ ਗ੍ਰਿਫਤਾਰ ਤਿੰਨ ਭਾਰਤੀ ਨਾਗਰਿਕਾਂ ਨੂੰ ਮੰਗਲਵਾਰ ਨੂੰ ਵਰਚੁਅਲੀ ਕੈਨੇਡੀਅਨ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ। ਐਡਮਿੰਟਨ ਰਹਿੰਦੇ ਭਾਰਤੀ ਨਾਗਰਿਕਾਂ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਤੇ ਕਰਨਪ੍ਰੀਤ ਸਿੰਘ (28) ਨੂੰ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਨ੍ਹਾਂ ਉੱਤੇ ਪਹਿਲਾ ਦਰਜਾ ਕਤਲ ਤੇ ਕਤਲ ਦੀ ਸਾਜਸਿ ਘੜਨ ਦੇ ਦੋਸ਼ ਆਇਦ ਹਨ। ਤਿੰਨਾਂ ਨੂੰ ਖਚਾਖਚ ਭਰੇ ਸਰੀ ਦੇ ਸੂਬਾਈ ਕੋਰਟ ਰੂਮ ਵਿਚ ਮੰਗਲਵਾਰ ਨੂੰ ਵੱਖੋ ਵੱਖਰੇ ਰੂਪ ਵਿਚ ਵਰਚੁਅਲੀ ਪੇਸ਼ ਕੀਤਾ ਗਿਆ। ਰੋਜਨਾਮਚਾ 'ਵੈਨਕੂਵਰ ਸਨ' ਦੀ ਰਿਪੋਰਟ ਮੁਤਾਬਕ ਮੁਲਜਮਾਂ ਨੂੰ ਆਪਣੇ ਵਕੀਲਾਂ ਨਾਲ ਸਲਾਹ ਮਸਵਰੇ ਲਈ ਸਮਾਂ ਦਿੰਦਿਆਂ ਕੇਸ ਦੀ ਅਗਲੀ ਸੁਣਵਾਈ 21 ਮਈ ਲਈ ਨਿਰਧਾਰਿਤ ਕੀਤੀ ਗਈ ਹੈ। ਉਂਜ ਸੁਣਵਾਈ ਮੌਕੇ ਅਦਾਲਤ ਦੇ ਬਾਹਰ ਸੈਂਕੜੇ ਸਥਾਨਕ ਖਾਲਿਸਤਾਨੀ ਸਮਰਥਕ ਮੌਜੂਦ ਸਨ ਜਿਨ੍ਹਾਂ ਹੱਥਾਂ ਵਿਚ ਖਾਲਿਸਤਾਨੀ ਝੰਡੇ ਤੇ ਸਿੱਖ ਵੱਖਵਾਦ ਨਾਲ ਸਬੰਧਤ ਪੋਸਟਰ ਫੜੇ ਹੋਏ ਸਨ। ਨਿੱਝਰ ਦੀ ਪਿਛਲੇ ਸਾਲ 18 ਜੂਨ ਨੂੰ ਸਰੀ ਦੇ ਇਕ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਰਿਪੋਰਟ ਵਿਚ ਕਿਹਾ ਗਿਆ ਕਿ ਮੰਨਿਆ ਜਾਂਦਾ ਹੈ ਕਿ ਤਿੰਨੇ ਮੁਲਜਮ ਕਥਿਤ ਹਿੱਟ ਸਕੁਐਡ ਦੇ ਮੈਂਬਰ ਹਨ। ਪੇਸ਼ੀ ਮੌਕੇ ਮੁਲਜਮਾਂ ਨੇ ਜੇਲ੍ਹ ਵੱਲੋਂ ਦਿੱਤੀਆਂ ਲਾਲ ਟੀ-ਸ਼ਰਟਾਂ ਤੇ ਪੈਂਟਾਂ ਪਾਈਆਂ ਹੋਈਆਂ ਸਨ। ਕਰਨ ਬਰਾੜ ਤੇ



ਕਰਨਪ੍ਰੀਤ ਸਿੰਘ ਸਵੇਰ ਵੇਲੇ ਜਦੋਂਕਿ ਕਮਲਪ੍ਰੀਤ ਸਿੰਘ ਲੰਚ ਤੋਂ ਬਾਅਦ ਕੋਰਟ ਵਿਚ ਵਰਚੁਅਲੀ ਪੇਸ਼ ਹੋਇਆ। ਤਿੰਨਾਂ ਨੇ ਕੇਸ ਦੀ ਕਾਰਵਾਈ ਅੰਗਰੇਜੀ ਵਿਚ ਸੁਣਨ ਦੀ ਸਹਿਮਤੀ ਦਿੱਤੀ ਤੇ ਉਨ੍ਹਾਂ ਕਿਹਾ ਕਿ ਉਹ ਆਪਣੇ ਖਿਲਾਫ ਲੱਗੇ ਪਹਿਲਾ ਦਰਜਾ ਕਤਲ ਤੇ ਨਿੱਝਰ ਦੀ ਹੱਤਿਆ ਦੀ ਸਾਜਸ਼ਿ ਘੜਨ ਦੇ ਦੋਸ਼ਾਂ ਤੋਂ ਵਾਕਿਫ ਹਨ। ਇਸ ਦੌਰਾਨ ਕੋਰਟ ਨੇ ਸਰਕਾਰੀ ਧਿਰ ਦੇ ਵਕੀਲ ਦੀ ਉਹ ਅਪੀਲ ਮੰਨ ਲਈ ਜਿਸ ਵਿਚ ਕੈਨੇਡਾ ਦੇ ਕ੍ਰਿਮੀਨਲ ਕੋਡ ਦੀ ਇਕ ਧਾਰਾ ਤਹਿਤ ਮੁਲਜਮਾਂ ਨੂੰ ਸੱਤ ਵਿਅਕਤੀਆਂ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਮਿਲਣ ਤੋਂ ਰੋਕਣ ਦੀ ਮੰਗ ਕੀਤੀ ਗਈ ਸੀ। ਰਿਪੋਰਟ ਮੁਤਾਬਕ ਇਨ੍ਹਾਂ ਸੱਤ ਵਿਅਕਤੀਆਂ ਵਿਚ ਨਿੱਝਰ ਦਾ ਪੁੱਤਰ ਬਲਰਾਜ ਨਿੱਝਰ (21), ਹਰਜਿੰਦਰ ਨਿੱਝਰ, ਮਹਿਤਾਬ ਨਿੱਝਰ, ਸਰਨਦੀਪ ਸਹਿਜ, ਹਰਸਿਮਰਨਜੀਤ ਸਿੰਘ, ਅਰਸ਼ਦੀਪ ਕਪੂਰ ਤੇ ਮਲਕੀਤ ਸਿੰਘ ਸ਼ਾਮਲ ਹਨ। ਮੁਲਜਮਾਂ ਵੱਲੋਂ ਦਾਇਰ ਅੰਤਰਿਮ ਜਮਾਨਤ 'ਤੇ ਸ਼ਨਿਚਰਵਾਰ ਨੂੰ ਸੁਣਵਾਈ ਹੋਈ ਸੀ, ਜਿਸ ਮਗਰੋਂ ਇਨ੍ਹਾਂ ਨੂੰ ਨਿਆਂਇਕ ਹਿਰਾਸਤ ਵਿਚ ਰੱਖਿਆ ਗਿਆ ਹੈ।

ਸਰੀ ਦੇ ਕ੍ਰਿਮੀਨਲ ਤੇ ਇਮੀਗ੍ਰੇਸ਼ਨ ਵਕੀਲ ਅਫਾਨ ਬਾਜਵਾ ਨੇ ਕਿਹਾ ਕਿ ਅਗਲੀ ਪੇਸ਼ਕਦਮੀ ਵਜੋਂ ਮੁਲਜਮਾਂ ਦੇ ਵਕੀਲ ਜਮਾਨਤ ਲਈ ਪਟੀਸ਼ਨ ਦਾਖਲ ਕਰਨਗੇ। ਬਾਜਵਾ ਨੇ ਕਿਹਾ ਕਿ ਉਨ੍ਹਾਂ ਦੇ ਵਕੀਲ ਜਿੰਨਾ ਮਜਬੂਤ ਕੇਸ ਜੱਜ ਅੱਗੇ ਰੱਖਣਗੇ, ਓਨੀ ਉਨ੍ਹਾਂ ਦੀ ਰਿਹਾਈ ਦੇ ਆਸਾਰ ਵਧਣਗੇ। ਬਾਜਵਾ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਸੰਭਾਵੀ ਫਲਾਈਟ ਰਿਸਕ (ਮੁਲਕ ਛੱਡਣ) ਤੇ ਲੋਕਾਂ ਦੀ ਸੁਰੱਖਿਆ ਨੂੰ ਖਤਰੇ ਨਾਲ ਜੁੜੇ ਜੋਖਮਾਂ ਕਰਕੇ ਉਨ੍ਹਾਂ ਨੂੰ ਜਮਾਨਤ ਮਿਲਣੀ ਮੁਸ਼ਕਲ ਹੋ ਸਕਦੀ ਹੈ। ਬਾਜਵਾ ਨੇ ਕਿਹਾ ਕਿ ਜੇਕਰ ਕੇਸ ਅੱਗੇ ਵਧਦਾ ਹੈ ਤੇ ਉਹ ਪਹਿਲਾ

## ਪੰਜਾਬ ਵਿੱਚ ਆਪਣਾ ਹਾਲ ਮਾੜਾ ਦੇਖ ਕੇ ਚੋਣਾਂ ਰੱਦ ਕਰਵਾਉਣਾ ਚਾਹੁੰਦੀ ਹੈ ਭਾਜਪਾ: ਮਜੀਠੀਆ

*ਤਲਵੰਡੀ ਸਾਬੋ, (ਸ਼.ਪ.)-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਚੋਣ ਕਮਿਸ਼ਨ ਕੋਲ ਪਹੁੰਚ ਕਰਕੇ ਇਹ ਦਰਖਾਸਤ ਦੇਣੀ ਕਿ ਕਿਸਾਨ ਭਾਜਪਾ ਨੂੰ ਚੋਣ ਪ੍ਰਚਾਰ ਨਹੀਂ ਕਰਨ ਦੇ ਰਹੇ ਤੇ ਪੁਲੀਸ ਸੁਰੱਖਿਆ ਪ੍ਰਬੰਧ ਕੀਤੇ ਜਾਣ ਤੋਂ ਪਤਾ ਲੱਗਦਾ ਹੈ ਕਿ ਭਾਜਪਾ ਆਪਣੀ ਪਤਲੀ ਹਾਲਤ ਦੇਖ ਕੇ ਪੰਜਾਬ ਵਿੱਚ ਚੋਣਾਂ ਤੋਂ ਭੱਜ ਰਹੀ ਹੈ ਤੇ ਚੋਣਾਂ ਕੈਂਸਲ ਕਰਵਾਉਣਾ ਚਾਹੁੰਦੀ ਹੈ। ਬਿਕਰਮ ਸਿੰਘ ਮਜੀਠੀਆ ਇੱਥੇ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੇ ਹੱਕ ਵਿੱਚ ਹੋਏ ਇੱਕ ਸਮਾਗਮ ਵਿੱਚ ਪੁੱਜੇ ਸਨ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲਿਆਂਦੇ ਖੇਤੀ ਕਾਲੇ ਕਾਨੂੰਨਾਂ ਖ਼ਿਲਾਫ਼ ਆਪਣੀ ਆਵਾਜ਼ ਉਠਾਉਣ ਲਈ ਕਿਸਾਨਾਂ ਨੂੰ ਦਿੱਲੀ ਵਿੱਚ ਵੜਨ ਨਹੀਂ ਦਿੱਤਾ ਗਿਆ ਤੇ ਹੁਣ ਕਿਸਾਨ ਭਾਜਪਾ ਨੂੰ ਪਿੰਡਾਂ ਵਿੱਚ ਨਹੀਂ ਵੜਨ ਦਿੰਦੇ ਤੇ ਉਹ ਸ਼ਾਂਤੀਪੂਰਵਕ ਰੋਸ ਪ੍ਰਗਟ ਕਰ ਰਹੇ ਹਨ। ਭਾਜਪਾ ਨੂੰ ਹੁਣ ਕਿਸਾਨਾਂ ਦੇ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਹੈ।*

## ਨੀਟੂ ਸ਼ਟਰਾਂ ਵਾਲੇ ਵੱਲੋਂ ਨਾਮਜ਼ਦਗੀ ਦਾਖ਼ਲ



ਜਲੰਧਰ, (ਸ਼.ਪ.)-ਹਲਕਾ ਜਲੰਧਰ ਤੋਂ ਆਜ਼ਾਦ ਉਮੀਦਵਾਰ ਨੀਟੂ ਸ਼ਟਰਾਂ ਵਾਲੇ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ। ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਲੋਕ ਸਭਾ ਹਲਕਾ ਜਲੰਧਰ ਲਈ 14 ਮਈ ਤੱਕ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾ ਸਕਦੇ ਹਨ। ਨਾਮਜ਼ਦਗੀਆਂ ਦੀ ਪੜਤਾਲ 15 ਮਈ ਨੂੰ ਹੋਵੇਗੀ ਅਤੇ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖਰੀ ਮਿਤੀ 17 ਮਈ ਹੈ।

## ਸਮਾਜਵਾਦੀ ਪਾਰਟੀ ਨੂੰ ਬਸਪਾ ਬਾਰੇ ਕੋਈ ਟਿੱਪਣੀ ਨਾ ਕਰਨ ਦੀ ਸਲਾਹ

ਹਰਦੋਈ, (ਸ਼.ਪ.)-ਬਸਪਾ ਸੁਪਰੀਮੋ ਮਾਇਆਵਤੀ ਨੇ ਅੱਜ ਇੱਥੇ ਕਿਹਾ ਕਿ ਦੇਸ਼ ਵਿੱਚ ਆਜਾਦ ਅਤੇ ਨਿਰਪੱਖ ਚੋਣਾਂ ਹੋਣ 'ਤੇ ਸੱਤਾਧਾਰੀ ਭਾਜਪਾ ਦਾ ਮੁੜ ਤੋਂ ਸੱਤਾ ਵਿੱਚ ਆਉਣਾ ਮੁਸ਼ਕਲ ਹੋਵੇਗਾ। ਮਾਇਆਵਤੀ ਨੇ ਇੱਥੇ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, "ਲੰਬੇ ਸਮੇਂ ਤੱਕ ਕੇਂਦਰ ਅਤੇ ਦੇਸ਼ ਦੇ ਹੋਰ ਸੂਬਿਆਂ ਵਿੱਚ ਕਾਂਗਰਸ ਦੀ ਸਰਕਾਰ ਰਹੀ ਪਰ ਉਸ ਦੀਆਂ ਗਲਤ ਨੀਤੀਆਂ ਕਾਰਨ ਉਸ ਨੂੰ ਸੱਤਾ ਵਿੱਚੋਂ ਬੇਦਖਲ ਹੋਣਾ ਪਿਆ।" ਉਨ੍ਹਾਂ ਕਿਹਾ, "ਪਿਛਲੇ ਕੁੱਝ ਸਾਲਾਂ ਤੋਂ ਭਾਜਪਾ ਅਤੇ ਉਸ ਦੇ ਸਹਿਯੋਗੀ ਦਲ ਕੇਂਦਰ ਅਤੇ ਕਈ ਸੂਬਿਆਂ ਦੀ ਸੱਤਾ 'ਤੇ ਕਾਬਜ ਹੈ ਪਰ ਇਸ ਦੀ ਕਥਨੀ ਤੇ ਕਰਨੀ 'ਚ ਫਰਕ ਕਾਰਨ ਹੁਣ ਅਜਿਹਾ ਲੱਗਦਾ ਹੈ ਕਿ ਇਸ ਵਾਰ ਭਾਜਪਾ ਦੀ ਕੇਂਦਰ ਦੀ ਸੱਤਾ ਵਿੱਚ ਵਾਪਸੀ ਸੌਖੀ ਨਹੀਂ ਹੋਣ ਵਾਲੀ ਹੈ। ਬਸ਼ਰਤੇ, ਜੇਕਰ ਇਹ ਚੋਣਾਂ ਇਸ ਵਾਰ ਆਜਾਦ ਅਤੇ ਨਿਰਪੱਖ ਹੁੰਦੀਆਂ ਹਨ ਅਤੇ ਆਮ ਚਰਚਾ ਅਨੁਸਾਰ ਵੋਟਿੰਗ ਮਸ਼ੀਨਾਂ ਦੀ ਕੋਈ ਗੜਬੜੀ ਨਹੀਂ ਕੀਤੀ ਜਾਂਦੀ ਹੈ।" ਉਧਰ ਬਸਪਾ ਪ੍ਰਧਾਨ ਮਾਇਆਵਤੀ ਵੱਲੋਂ ਆਪਣੇ ਭਤੀਜੇ ਆਕਾਸ ਆਨੰਦ ਨੂੰ ਪਾਰਟੀ ਦੇ ਰਾਸਟਰੀ ਕੋਆਰਡੀਨੇਟਰ ਅਤੇ ਉੱਤਰਾਧਿਕਾਰੀ ਵਜੋਂ ਜੰਿਮੇਵਾਰੀਆਂ ਤੋਂ ਵੱਖ ਕਰਨ ਦੇ ਫੈਸਲੇ ਨੇ ਸਮਾਜਵਾਦੀ ਪਾਰਟੀ ਨਾਲ ਸਬਦੀ ਜੰਗ ਛੇੜ ਦਿੱਤੀ ਹੈ। ਸਮਾਜਵਾਦੀ ਪਾਰਟੀ ਨੇ ਮਾਇਆਵਤੀ ਦੇ ਇਸ ਫੈਸਲੇ 'ਤੇ ਤਨਜ ਕੱਸਦਿਆਂ ਕਿਹਾ ਕਿ ਬਸਪਾ ਇਕ ਵੀ ਸੀਟ ਨਹੀਂ ਜਿੱਤ ਰਹੀ ਕਿਉਂਕਿ ਇਸ ਦੇ ਰਵਾਇਤੀ ਵੋਟਰ ਵੀ ਸੰਵਿਧਾਨ ਅਤੇ ਰਾਖਵੇਂਕਰਨ ਨੂੰ ਬਚਾਉਣ ਲਈ 'ਇੰਡੀਆ' ਗੱਠਜੋੜ ਨੂੰ ਵੋਟ ਦੇ ਰਹੇ ਹਨ।




*Parents seeking a match for professional (senior medical social worker) lobana sikh daughter, American, 31 years old, height 5'8". Preferred in NY and non-alcholoc.*

***Contact: Paramjit singh begowal (917-299-2086)***

## ਸਮੂਹਿਕ 'ਬਿਮਾਰੀ ਛੁੱਟੀ' ਕਾਰਨ ਏਅਰ ਇੰਡੀਆ ਐਕਸਪ੍ਰੈੱਸ ਦੀਆਂ 100 ਤੋਂ ਵੱਧ ਉਡਾਣਾਂ ਰੱਦ

ਨਵੀਂ ਦਿੱਲੀ/ਕੋਚੀ, (ਸ਼.ਪ.)-ਏਅਰ ਇੰਡੀਆ ਐਕਸਪ੍ਰੈੱਸ ਨੂੰ ਚਾਲਕ ਦਲ ਦੇ ਮੈਂਬਰਾਂ ਦੇ ਬਿਮਾਰ ਹੋਣ ਕਾਰਨ ਮੰਗਲਵਾਰ ਰਾਤ ਤੋਂ ਖਬਰ ਲਿਖੇ ਜਾਣ ਤੱਕ 100 ਤੋਂ ਵੱਧ ਉਡਾਣਾਂ ਰੱਦ ਕਰਨੀਆਂ ਪਈਆਂ। ਚਾਲਕ ਦਲ ਦੇ ਸੀਨੀਅਰ ਮੈਂਬਰਾਂ ਦੇ ਇਕ ਵਰਗ ਨੇ ਟਾਟਾ ਸਮੂਹ ਦੀ ਮਾਲਕੀ ਵਾਲੀ ਇਸ ਏਅਰਲਾਈਨ ਦੇ ਕਥਿਤ ਮਾੜੇ ਪ੍ਰਬੰਧਨ ਦੇ ਵਿਰੋਧ ਵਜੋਂ ਬਿਮਾਰ ਹੋਣ ਦੀ ਖਬਰ ਦਿੱਤੀ ਸੀ। ਵੱਖ-ਵੱਖ ਹਵਾਈ ਅੱਡਿਆਂ 'ਤੇ ਹਜਾਰਾਂ ਯਾਤਰੀ ਫਸ ਗਏ ਹਨ। ਜਆਿਦਾਤਰ ਖਾੜੀ ਦੇਸ਼ਾਂ 'ਚ ਜਾਣ ਵਾਲੇ ਯਾਤਰੀ ਕੇਰਲਾ ਵਿੱਚ ਹਵਾਈ ਅੱਡਿਆਂ 'ਤੇ ਫਸ ਗਏ ਅਤੇ ਉਨ੍ਹਾਂ ਉਡਾਣਾਂ ਰੱਦ ਹੋਣ ਖਿਲਾਫ ਪ੍ਰਦਰਸ਼ਨ ਵੀ ਕੀਤਾ। ਇਨ੍ਹਾਂ ਵਿੱਚੋਂ ਜਆਿਦਾਤਰ ਨੂੰ ਸਕਿਓਰਟੀ ਚੈੱਕ ਤੋਂ ਬਾਅਦ ਉਡਾਣਾਂ ਰੱਦ ਹੋਣ ਬਾਰੇ ਸੂਚਿਤ ਕੀਤਾ ਗਿਆ ਸੀ। ਕਾਂਗਰਸੀ ਆਗੂ ਕੇ.ਸੀ. ਵੇਣੂਗੋਪਾਲ ਨੇ ਸ਼ਹਿਰੀ ਹਵਾਬਾਜੀ ਮੰਤਰੀ ਜਯੋਤਿਰਾਦਿੱਤਿਆ ਸਿੰਧੀਆ ਨੂੰ ਲਿਖੇ ਇਕ ਪੱਤਰ ਰਾਹੀਂ ਮਾਮਲੇ ਵਿੱਚ ਤੁਰੰਤ ਦਖਲ ਦੇਣ ਦੀ ਮੰਗ ਕੀਤੀ। ਉਨ੍ਹਾਂ ਇਹ ਯਕੀਨੀ ਬਣਾਉਣ ਲਈ ਵੀ ਕਿਹਾ ਕਿ ਯਾਤਰੀ



ਪ੍ਰਭਾਵਿਤ ਨਾ ਹੋਣ, ਇਸ ਸਬੰਧੀ ਤੁਰੰਤ ਕਦਮ ਉਠਾਏ ਜਾਣ। ਉਧਰ, ਸ਼ਹਿਰੀ ਹਵਾਬਾਜੀ ਮੰਤਰਾਲੇ ਨੇ ਅੱਜ ਇਸ ਸਬੰਧੀ ਏਅਰ ਇੰਡੀਆ ਐਕਸਪ੍ਰੈੱਸ ਕੋਲੋਂ ਰਿਪੋਰਟ ਮੰਗੀ ਹੈ।

# ਹਾਈ ਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਪੁੱਜਾ ਹੇਮੰਤ ਸੋਰੇਨ

ਨਵੀਂ ਦਿੱਲੀ, (ਸ਼.ਪ.)-ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਕਥਿਤ ਜਮੀਨ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਈਡੀ ਵੱਲੋਂ ਆਪਣੀ ਗ੍ਰਿਫਤਾਰੀ ਨੂੰ ਚੁਣੌਤੀ ਦਿੰਦੀ ਪਟੀਸ਼ਨ ਝਾਰਖੰਡ ਹਾਈ ਕੋਰਟ ਵੱਲੋਂ ਰੱਦ ਕੀਤੇ ਜਾਣ ਦੇ ਫੈਸਲੇ ਖਲਿਾਫ ਸੁਪਰੀਮ ਕੋਰਟ ਪਹੁੰਚ ਗਏ ਹਨ। ਸੀਨੀਅਰ ਵਕੀਲ ਕਪਿਲ ਸਿੱਬਲ ਨੇ ਅੱਜ ਚੀਫ ਜਸਟਿਸ ਡੀ.ਵਾਈ.ਚੰਦਰਚੂੜ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਅੱਗੇ ਪੇਸ਼ ਹੋ ਕੇ ਇਸ ਮਸਲੇ ’ਤੇ ਫੌਰੀ ਸੁਣਵਾਈ ਦੀ ਮੰਗ ਕੀਤੀ। ਸੋਰੇਨ ਦੀ ਜਮਾਨਤ ਅਰਜੀ ’ਤੇ 7 ਮਈ ਨੂੰ ਸੁਣਵਾਈ ਹੋ ਸਕਦੀ ਹੈ।

ਸਿੱਬਲ ਨੇ ਦਲੀਲ ਦਿੱਤੀ ਕਿ ਝਾਰਖੰਡ ਵਿਚ ਲੋਕ ਸਭਾ ਚੋਣਾਂ ਲਈ 13 ਮਈ ਨੂੰ ਵੋਟਾਂ ਪੈਣੀਆਂ ਹਨ ਤੇ ਸੋਰੇਨ ਨੂੰ ਆਪਣੀ ਪਾਰਟੀ ਝਾਰਖੰਡ ਮੁਕਤੀ ਮੋਰਚਾ (ਜੇਐੱਮਐੱਮ) ਲਈ ਚੋਣ ਪ੍ਰਚਾਰ ਕਰਨ ਦੀ ਇਜਾਜਤ ਦਿੱਤੀ ਜਾਵੇ। ਸਿੱਬਲ ਨੇ ਕਿਹਾ, “ਹੇਮੰਤ ਸੋਰੇਨ ਨੂੰ 31 ਜਨਵਰੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਅਸੀਂ 4 ਫਰਵਰੀ ਨੂੰ ਹਾਈ ਕੋਰਟ ਦਾ ਰੁਖ ਕੀਤਾ ਸੀ। ਹਾਈ ਕੋਰਟ ਨੇ 28 ਫਰਵਰੀ ਨੂੰ ਫੈਸਲਾ ਰਾਖਵਾਂ ਰੱਖ ਲਿਆ ਪਰ ਫੈਸਲਾ ਨਹੀਂ ਦਿੱਤਾ। ਹਾਈ ਕੋਰਟ ਨੇ ਲੰਮਾ ਸਮਾਂ ਫੈਸਲਾ ਬਕਾਇਆ ਰੱਖਿਆ।” ਸਿੱਬਲ ਨੇ ਕਿਹਾ, “ਝਾਰਖੰਡ ਵਿਚ ਪਹਿਲੇ ਗੇੜ ਦੀਆਂ ਚੋਣਾਂ 13 ਮਈ ਨੂੰ ਸ਼ੁਰੂ ਹੋਣਗੀਆਂ ਤੇ ਇਸ ਲਈ ਅਸੀਂ ਸੰਵਿਧਾਨ ਦੀ ਧਾਰਾ 32 ਤਹਿਤ ਕੋਰਟ ਦਾ ਰੁਖ ਕੀਤਾ ਸੀ, ਅਤੇ ਪਿਛਲੇ ਹਫਤੇ ਨੋਟਿਸ ਜਾਰੀ ਕੀਤਾ ਗਿਆ ਸੀ। ਇਸ ਨੋਟਿਸ ਮਗਰੋਂ ਹਾਈ ਕੋਰਟ ਨੇ ਸੋਰੇਨ ਦੀ ਪਟੀਸ਼ਨ ਰੱਦ ਕਰਨ ਦਾ ਫੈਸਲਾ ਦਿੱਤਾ। ਅਧਿਕਾਰਾਂ ਨੂੰ ਇਸ ਤਰ੍ਹਾਂ ਮਧੋਲਣਾ ਮੰਦਭਾਗਾ ਹੈ।” ਬੈਂਚ, ਜਿਸ ਵਿਚ ਜਸਟਿਸ ਜੇ.ਬੀ.ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਸਨ, ਨੇ ਕਿਹਾ ਕਿ ਉਹ ਅਪੀਲ ’ਤੇ ਗੌਰ ਕਰਨਗੇ ਤੇ ਸੋਰੇਨ ਦੀ ਅੰਤਰਿਮ ਜਮਾਨਤ ਅਰਜੀ ’ਤੇ 7 ਮਈ ਨੂੰ ਸੁਣਵਾਈ ਕੀਤੀ ਜਾ ਸਕਦੀ ਹੈ। ਇਸ ਦੌਰਾਨ ਸੋਰੇਨ, ਜੋ ਅੱਜ ਰਾਮਗੜ੍ਹ ਵਿਚਲੇ ਆਪਣੇ ਜੱਦੀ ਪਿੰਡ ਨੇਮਰਾ ਵਿਚ ਰਿਸ਼ਤੇਦਾਰ ਰਾਜਾਰਾਮ ਸੋਰੇਨ ਦੀ ਅੰਤਿਮ ਰਸਮਾਂ ਵਿਚ ਸ਼ਾਮਲ ਹੋਣ ਲਈ ਪੁੱਜੇ ਸਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰ ਵਰਗ ਨੂੰ ਹਾਈ ਕਮਾਂਡ



ਜਲੰਧਰ, ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੱਲੋਂ ਹਲਕਾ ਸੈਂਟਰਲ ਜਲੰਧਰ ਤੋਂ ਪਾਰਟੀ ਵਿੱਚ ਲੰਮੇ ਸਮੇਂ ਤੋਂ ਸੇਵਾਵਾਂ ਦੇ ਰਹੇ ਟਕਸਾਲੀ ਆਗੂਆਂ ਨੂੰ ਹਾਈ ਕਮਾਂਡ ਦੀ ਟੀਮ ਵਿੱਚ ਸ਼ਾਮਿਲ ਕਰਕੇ ਵੱਡੀਆਂ ਜਿੰਮ੍ਹੇਵਾਰੀਆਂ ਦੇ ਕੇ ਨਿਵਾਜਿਆ।ਸਾਬਕਾ ਡਿਪਟੀ ਮੇਅਰ ਕੁਲਦੀਪ ਸਿੰਘ ਉਬਰਾਏ ਦੇ ਗ੍ਰਹਿ ਵਿਖੇ ਰੱਖੇ ਸਮਾਗਮ ਦੌਰਾਨ ਜਲੰਧਰ ਲੋਕ ਸਭਾ ਹਲਕੇ ਦੀ ਇੰਚਾਰਜ ਬੀਬੀ ਜਗੀਰ ਕੌਰ ਨੇ ਆਗੂਆਂ ਨੂੰ ਸਿਰਪਾਓ ਪਾ ਕੇ ਸਨਮਾਨਿਤ ਕੀਤਾ।ਬੀਬੀ ਜਗੀਰ ਕੌਰ ਨੇ ਇਕੱਠ ਨੂੰ ਸੰਬੋਧਨ ਕਰਦਿਆ ਕਿਹਾ ਕਿ ਪਾਰਟੀ ਨੇ ਹਮੇਸ਼ਾ ਹਰ ਵਰਗ ਦਾ ਸਨਮਾਨ ਤੇ ਬਰਾਬਰਤਾ ਦੀ ਕਸਵੱਟੀ ਤੇ ਰੱਖ ਕੇ ਫੈਸਲੇ ਕੀਤੇ ਹਨ।ਜਲੰਧਰ ਲੋਕ ਸਭਾ ਸੀਟ ਤੋਂ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇ.ਪੀ ਦੀ ਚੋਣ ਮੁਹਿੰਮ ਨੂੰ ਵਿਉਂਤਬੰਦੀ ਤਰੀਕੇ ਨਾਲ ਚਲਾਇਆ ਜਾਵੇਗਾ।ਹਰ ਵਰਕਰ ਹਰ ਦਰਵਾਜ਼ੇ ਤੱਕ ਪਾਰਟੀ ਦੀ ਸੋਚ ਤੇ ਕੀਤੇ ਕੰਮਾਂ ਨੂੰ ਪਹੁੰਚਾ ਕੇ ਕਾਂਗਰਸ, ਆਮ ਆਦਮੀ ਪਾਰਟੀ ਤੇ ਭਾਜਪਾ ਦੀਆਂ ਪੰਜਾਬ ਮਾਰੂ ਨੀਤੀਆਂ ਤੋਂ ਜਾਣੂ ਕਰਾਉਣਗੇ।ਇਸ ਮੌਕੇ ਹਲਕਾ ਇੰਚਾਰਜ ਇਕਬਾਲ ਸਿੰਘ ਢੀਂਡਸਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਵਾਈ ਕਾਗਜ ਦੇ ਫੋਕੇ ਮਹਿਲ ਬਣਾ ਕੇ ਜਨਤਾ ਨਾਲ ਵੋਟਾਂ ਸਮੇਂ ਵੱਡਾ ਧੋਖਾ ਕੀਤਾ।ਜੁਮਲੇਵਾਜ਼ਾਂ ਦੀ ਸਰਕਾਰ ਨੇ ਨੌਟੰਕੀ, ਡਰਾਮਿਆਂ ਰਾਹੀਂ ਪੰਜਾਬ ਦੀ ਜਨਤਾ ਨਾਲ ਖਿਲਵਾੜ ਕਰਕੇ ਵੋਟਾਂ ਬਟੋਰੀਆਂ ਸਨ।ਉਹਨਾਂ ਮਹਿੰਦਰ ਸਿੰਘ ਕੇ.ਪੀ ਦੇ ਹੱਕ ਵਿੱਚ ਇੱਕ ਇੱਕ ਵੋਟਰ ਨਾਲ ਰਾਬਤਾ ਕਾਇਮ ਕਰਨ ਦੀ ਅਪੀਲ ਕੀਤੀ।ਸਟੇਜ ਸਕੱਤਰ ਦੀ ਡਿਊਟੀ ਮੈਂਬਰ ਪੀ.ਏ.ਸੀ ਰਣਜੀਤ ਸਿੰਘ ਰਾਣਾ ਨੇ ਨਿਭਾਈ। ਇਸ ਮੌਕੇ ਜਿਹੜੇ ਆਗੂਆਂ ਨੂੰ ਨੁਮਾਇੰਦਗੀ ਦੇ ਕੇ ਨਿਯੁਕਤੀ ਪੱਤਰ ਦਿੱਤੇ ਉਹਨਾਂ ਵਿੱਚ ਮੈਂਬਰ ਪੀ.ਏ.ਸੀ ਕੁਲਦੀਪ ਸਿੰਘ ਉਬਰਾਏ, ਸੁਭਾਸ਼ ਸੌਂਧੀ, ਮਨਜੀਤ ਸਿੰਘ ਟਰਾਂਸਪੋਰਟਰ, ਅਮਰਜੀਤ ਸਿੰਘ ਬਰਮੀ, ਹਰਦੀਪ ਸਿੰਘ ਸਿੱਧੂ, ਹਰਪ੍ਰੀਤ ਸਿੰਘ ਸਚਦੇਵਾ ਸ਼ਾਮਿਲ ਹਨ। ਸ਼੍ਰੋਮਣੀ ਅਕਾਲੀ ਦਲ ਦੀ ਸਲਾਹਕਾਰ ਕਮੇਟੀ ਵਿੱਚ ਗੁਰਬਚਨ ਸਿੰਘ ਕਥੂਰੀਆ, ਗੁਰਬਚਨ ਸਿੰਘ ਮੱਕੜ, ਡਾ. ਪਰਮਜੀਤ ਸਿੰਘ, ਹਰਦੀਪ ਸਿੰਘ ਰਿੱਪੀ, ਜਸਵੀਰ ਸਿੰਘ ਦਕੋਹਾ ਸ਼ਾਮਿਲ ਕੀਤੇ।ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਜਨਰਲ ਕੌਂਸਲ ‘ਚ ਬਿਕਰਮਜੀਤ ਸਿੰਘ ਔਲਖ,ਪਰਮਿੰਦਰ ਸਿੰਘ ਮੱਕੜ, ਅਮਰੀਕ ਸਿੰਘ ਬਰਮੀ ਸ਼ਾਮਿਲ ਕੀਤੇ ਤੇ ਸਾਰੇ ਅਹੁਦੇਦਾਰਾਂ ਨੂੰ ਸਨਮਾਨਿਤ ਕੀਤਾ ਗਿਆ ਤੇ ਨਿਯੁਕਤੀ ਪੱਤਰ ਦਿੱਤੇ ਗਏ।ਇਸ ਮੌਕੇ ਸੀਨੀਅਰ ਅਕਾਲੀ ਆਗੂ ਰਣਜੀਤ ਸਿੰਘ ਰਾਣਾ ਮੈਂਬਰ ਪੀ.ਏ.ਸੀ, ਬੀਬੀ ਅਰਵਿੰਦਰ ਕੌਰ ਉਬਰਾਏ, ਅੰਮ੍ਰਿਤਬੀਰ ਸਿੰਘ ਪ੍ਰਧਾਨ ਯੂਥ ਅਕਾਲੀ ਦਲ ਸ਼ਹਿਰੀ, ਰਾਜਬੀਰ ਸਿੰਘ ਸੈਂਟੀ ਰਿਜ਼ਰਵ ਯੂਥ ਅਕਾਲੀ ਦਲ ਜਲੰਧਰ, ਮਨਬੀਰ ਸਿੰਘ ਅਕਾਲੀ, ਪਲਵਿੰਦਰ ਸਿੰਘ ਬੱਬਲੂ, ਗੁਰਪ੍ਰੀਤ ਸਿੰਘ, ਰਾਜਾ ਉਬਰਾਏ, ਮੰਗਾ ਸਿੰਘ ਮੰਗਾ, ਪਰਮਦੀਪ ਸਿੰਘ, ਗੁਰਸ਼ਰਨ ਸਿੰਘ ਆਦਿ ਮੌਜੂਦ ਸਨ।ਸ਼

# ਮੁਸਲਮਾਨਾਂ ਨੂੰ ਰਾਖਵਾਂਕਰਨ ਮਿਲਣਾ ਚਾਹੀਦੈ: ਲਾਲੂ

ਪਟਨਾ, (ਸ਼.ਪ.)-ਰਾਸਟਰੀ ਜਨਤਾ ਦਲ (ਆਰਜੇਡੀ) ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਨੇ ਅੱਜ ਕਿਹਾ ਕਿ ਉਹ ਮੁਸਲਮਾਨਾਂ ਨੂੰ ਰਾਖਵੇਂਕਰਨ ਦਾ ਲਾਭ ਦੇਣ ਦੇ ਪੱਖ ’ਚ ਹਨ। ਉਨ੍ਹਾਂ ਦੋਸ ਲਾਇਆ ਕਿ ਭਾਜਪਾ ਸੰਵਿਧਾਨ ਅਤੇ ਲੋਕਤੰਤਰ ਨੂੰ ਤਬਾਹ ਕਰ ਕੇ ਰਾਖਵਾਂਕਰਨ ਖਤਮ ਕਰਨਾ ਚਾਹੁੰਦੀ ਹੈ। ਇੱਥੇ ਵਿਧਾਨ ਪਰਿਸ਼ਦ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, “ਭਾਜਪਾ ਸੰਵਿਧਾਨ ਅਤੇ ਲੋਕਤੰਤਰ ਤਬਾਹ ਕਰਨਾ ਚਾਹੁੰਦੀ ਹੈ। ਇਹ ਗੱਲ ਲੋਕਾਂ ਦੇ ਧਿਆਨ ਵਿੱਚ ਆ ਗਈ ਹੈ।” ਭਾਜਪਾ ਵੱਲੋਂ ਕਾਂਗਰਸ, ਆਰਜੇਡੀ ਅਤੇ ਵਿਰੋਧੀ ਗੱਠਜੋੜ ਦੀਆਂ ਹੋਰ ਭਾਈਵਾਲ ਪਾਰਟੀਆਂ ’ਤੇ ਸੱਤਾ ਵਿੱਚ ਆਉਣ ’ਤੇ ਓਬੀਸੀ ਵਰਗ ਤੋਂ ਰਾਖਵਾਂਕਰਨ ਖੋਹ ਕੇ ਮੁਸਲਮਾਨਾਂ ਨੂੰ ਦੇਣ ਦੇ ਲਾਏ ਗਏ ਦੋਸ਼ ਬਾਰੇ ਲਾਲੂ ਨੇ ਕਿਹਾ, “ਮੁਸਲਮਾਨਾਂ ਨੂੰ ਰਾਖਵਾਂਕਰਨ ਤਾਂ ਮਿਲਣਾ ਹੀ ਚਾਹੀਦਾ ਹੈ ਨਾ।” ਉਨ੍ਹਾਂ ਕਿਹਾ ਕਿ ਭਾਜਪਾ ਚੋਣ ਰੈਲੀਆਂ ਵਿੱਚ ‘ਜੰਗਲ ਰਾਜ’ ਦਾ ਹਊਆ



ਖੜ੍ਹਾ ਕਰ ਕੇ ਲੋਕਾਂ ਨੂੰ ਡਰਾ ਰਹੀ ਹੈ। ਲਾਲੂ ਦੇ ਇਸ ਬਿਆਨ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਖੇਧੀ ਕੀਤੀ ਹੈ। ਮੋਦੀ ਦੇ ਬਿਆਨ ਮਗਰੋਂ ਲਾਲੂ ਨੇ ਕਿਹਾ ਕਿ ਉਹ ਮੁਸਲਮਾਨਾਂ ਨੂੰ ਰਾਖਵੇਂਕਰਨ ਦਾ ਲਾਭ ਦੇਣ ਦੇ ਪੱਖ ’ਚ ਹਨ ਪਰ ਰਾਖਵਾਂਕਰਨ ਧਰਮ ਦੇ ਆਧਾਰ ’ਤੇ ਨਹੀਂ ਸਗੋਂ ਸਮਾਜਿਕ ਪੱਛੜੇਪਣ ਦੇ ਆਧਾਰ ’ਤੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ, “ਮੈਂ (ਸਿਆਸਤ ਵਿੱਚ) ਮੋਦੀ ਤੋਂ ਸੀਨੀਅਰ ਹਾਂ।

# ਚੰਦੂਮਾਜਰਾ ਵੱਲੋਂ ਪ੍ਰਚਾਰ ਦਾ ਤੀਜਾ ਗੇੜ ਮੁਕੰਮਲ

ਐਸ.ਏ.ਐਸ. ਨਗਰ (ਮੁਹਾਲੀ), (ਸ਼.ਪ.)-ਲੋਕ ਸਭਾ ਚੋਣਾਂ ਸਬੰਧੀ ਸਿਆਸੀ ਮਾਹੌਲ ਪੂਰੀ ਤਰ੍ਹਾਂ ਭਖ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਚੋਣ ਪ੍ਰਚਾਰ ਦਾ ਤੀਜਾ ਗੇੜ ਮੁਕੰਮਲ ਕਰ ਕੇ ਹੁਣ ਆਮ ਲੋਕਾਂ ਨਾਲ ਨਿੱਜੀ ਸੰਪਰਕ ਸ਼ੁਰੂ ਕਰ ਦਿੱਤਾ ਹੈ। ਚੰਦੂਮਾਜਰਾ ਆਪਣੇ ਸਮਰਥਕਾਂ ਸਣੇ ਅੱਜ ਸਵੇਰੇ ਨੇਚਰ ਪਾਰਕ ਫੇਜ਼-8 ਵਿੱਚ ਪਹੁੰਚੇ ਅਤੇ ਪਾਰਕ ਵਿੱਚ ਸੈਰ ਕਰ ਰਹੇ ਵਿਅਕਤੀਆਂ, ਬਜ਼ੁਰਗਾਂ, ਨੌਜਵਾਨਾਂ ਅਤੇ ਔਰਤਾਂ ਨਾਲ ਮੁਲਾਕਾਤ ਕਰ ਕੇ ਹਾਲ-ਚਾਲ ਜਾਣਿਆ। ਉਨ੍ਹਾਂ ਤੰਦਰੁਸਤ ਪੰਜਾਬ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਪਿਛਲੀ ਅਕਾਲੀ ਸਰਕਾਰ ਵੱਲੋਂ ਕੀਤੇ ਕੰਮ ਗਿਣਵਾ ਕੇ ਵੋਟਾਂ ਮੰਗੀਆਂ। ਸ੍ਰੀ ਚੰਦੂਮਾਜਰਾ ਨੇ ਦੱਸਿਆ ਕਿ ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਸ਼ਹਿਰ ਦੇ ਵੱਖ-ਵੱਖ ਪਾਰਕਾਂ ਵਿੱਚ ਓਪਨ ਏਅਰ ਜਿਮ ਸਥਾਪਿਤ ਕਰਨ ਸਣੇ ਲੋਕਾਂ ਖਾਸ ਕਰ ਕੇ ਨੌਜਵਾਨਾਂ ਨੂੰ ਸਾਹਿਤ ਨਾਲ ਜੋੜਨ ਲਈ ਪਾਰਕਾਂ ਵਿੱਚ ਲਾਇਬ੍ਰੇਰੀਆਂ ਬਣਾਈਆਂ ਸਨ।

# ਚੋਣ ਕਮਿਸ਼ਨ ’ਤੇ ਭਾਜਪਾ ਆਗੂਆਂ ਦੇ ਨਫਰਤੀ ਭਾਸ਼ਨਾਂ ਬਾਰੇ ਅੱਖਾਂ ਮੀਟਣ ਦਾ ਦੋਸ਼

ਪੁਰੂਲੀਆ (ਪੱਛਮੀ ਬੰਗਾਲ), (ਸ਼.ਪ.)-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ ਲਾਇਆ ਕਿ ਚੋਣ ਕਮਿਸਨ ਨੇ ਭਾਜਪਾ ਆਗੂਆਂ ਵੱਲੋਂ ਚੋਣ ਪ੍ਰਚਾਰ ਦੌਰਾਨ ਨਫਰਤੀ ਭਾਸ਼ਨਾਂ ਨਾਲ ਜੁੜੇ ਮਾਮਲਿਆਂ ਸਬੰਧੀ ਅੱਖਾਂ ਬੰਦ ਕਰ ਲਈਆਂ ਹਨ, ਜਿਸ ਕਾਰਨ ‘ਮਾਡਲ ਕੋਡ ਆਫ ਕੰਡਕਟ ‘ਮੋਦੀ ਕੋਡ ਆਫ ਕੰਡਕਟ’ ਵਿੱਚ ਤਬਦੀਲ ਹੋ ਗਿਆ ਹੈ।

ਪੁਰੂਲੀਆ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਤ੍ਰਿਣਮੂਲ ਕਾਂਗਰਸ ਸੁਪਰੀਮੋ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਹੋਰ ਸੀਨੀਅਰ ਆਗੂ ਸਿਰਫ ਖੁਦ ਨੂੰ ਹੀ ਹਿੰਦੂ ਮੰਨਦੇ ਹਨ ਅਤੇ ਬਾਕੀ ਭਾਈਚਾਰਿਆਂ ਬਾਰੇ ਨਹੀਂ ਸੋਚਦੇ। ਉਨ੍ਹਾਂ ਦੋਸ ਲਾਇਆ ਕਿ ਮੋਦੀ ਅਤੇ ਭਾਜਪਾ ਦੇ ਹੋਰ ਆਗੂ ਆਪਣੇ ‘ਨਫਰਤੀ ਭਾਸਨਾਂ’ ਨਾਲ ਹੇਠਲੀ ਜਾਤੀ ਦੇ ਹਿੰਦੂਆਂ, ਘੱਟ ਗਿਣਤੀਆਂ ਅਤੇ ਹੋਰ ਵਾਂਝੇ ਵਰਗਾਂ ਨੂੰ ਡਰਾ ਰਹੇ ਹਨ ਪਰ ਚੋਣ



ਕਮਿਸਨ ਚੁੱਪ ਹੈ। ਮਮਤਾ ਨੇ ਕਿਹਾ, “ਚੋਣ ਕਮਿਸਨ ਦਾ ਆਦਰਸ ਚੋਣ ਜਾਬਤਾ ਮਜਾਕ ਬਣ ਗਿਆ ਹੈ ਅਤੇ ਇਸ ਨੂੰ ‘ਮੋਦੀ ਚੋਣ ਜਾਬਤਾ’ ਦਾ ਨਾਂ ਦਿੱਤਾ ਜਾਣਾ ਚਾਹੀਦਾ ਹੈ। ਪਰ, ਅਸੀਂ ਇਸ ਦੇਸ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਉਲੰਘਣਾ ਦੀ ਹਰ ਘਟਨਾ ਨੂੰ ਚੁੱਕਦੇ ਰਹਾਂਗੇ।” ਮਮਤਾ ਨੇ ਕਿਹਾ ਕਿ ਉਨ੍ਹਾਂ ਨੇ ਇੰਨਾ ਝੂਠ ਬੋਲਣ ਵਾਲਾ ਕੋਈ ਹੋਰ ਪ੍ਰਧਾਨ ਮੰਤਰੀ ਨਹੀਂ ਦੇਖਿਆ।

# ਪੱਛਮੀ ਬੰਗਾਲ ਵਿੱਚ ਭਾਜਪਾ ਤੇ ਟੀਐੱਮਸੀ ਵਰਕਰਾਂ ’ਚ ਝੜਪਾਂ

ਨਵੀਂ ਦਿੱਲੀ, (ਸ਼.ਪ.)-ਲੋਕ ਸਭਾ ਚੋਣਾਂ ਦੇ ਤੀਜੇ ਗੇੜ ਲਈ ਅੱਜ 11 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਪੈਂਦੇ 93 ਹਲਕਿਆਂ ਲਈ ਵੋਟਾਂ ਪਈਆਂ। ਇਸ ਗੇੜ ਵਿਚ 63 ਫੀਸਦ ਤੋਂ ਵੱਧ ਪੋਲਿੰਗ ਦਰਜ ਕੀਤੀ ਗਈ ਹੈ। ਅਸਾਮ ਵਿਚ ਸਭ ਤੋਂ ਵੱਧ 77.06 ਫੀਸਦ ਤੇ ਉੱਤਰ ਪ੍ਰਦੇਸ਼ ਵਿਚ ਸਭ ਤੋਂ ਘੱਟ 57.34 ਫੀਸਦ ਪੋਲਿੰਗ ਹੋਈ ਹੈ। ਗੋਆ ਵਿਚ 75.13 ਫੀਸਦ, ਪੱਛਮੀ ਬੰਗਾਲ ਵਿਚ 73.96 ਫੀਸਦ, ਗੁਜਰਾਤ 57.62 ਫੀਸਦ, ਮਹਾਰਾਸ਼ਟਰ 61.44 ਫੀਸਦ ਤੇ ਬਿਹਾਰ ਵਿਚ 58.16 ਫੀਸਦ ਵੋਟਾਂ ਪਈਆਂ। ਪੱਛਮੀ ਬੰਗਾਲ ਵਿਚ ਹਿੰਸਾ ਦੀਆਂ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਚੋਣ ਅਮਲ ਅਮਨ-ਅਮਾਨ ਨਾਲ ਸਿਰੇ ਚੜ੍ਹ ਗਿਆ। ਇਸ ਦੌਰਾਨ ਕਰਨਾਟਕ ਤੇ ਗੁਜਰਾਤ ਵਿਚ ਚੋਣ ਡਿਊਟੀ ’ਤੇ ਤਾਇਨਾਤ ਅਮਲੇ ਵਿਚੋਂ ਤਿੰਨ ਜਣਿਆਂ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਯੂਪੀ ਦੇ ਮੈਨਪੁਰੀ ਹਲਕੇ ਵਿਚ ਸਮਾਜਵਾਦੀ ਪਾਰਟੀ ਆਗੂ ਅਖਿਲੇਸ਼ ਯਾਦਵ ਨੇ ‘ਚੋਣ ਬੂਥ ਲੁੱਟੇ’ ਜਾਣ ਦਾ ਦਾਅਵਾ ਕੀਤਾ। ਤੀਜੇ ਗੇੜ ਦੀ ਪੋਲਿੰਗ ਮਗਰੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਜਿਓਤਿਰਦਿੱਤਿਆ ਸਿੰਧੀਆ, ਮਨਸੁਖ ਮਾਂਡਵੀਆ, ਪ੍ਰਹਿਲਾਦ ਜੋਸ਼ੀ, ਸਾਬਕਾ ਮੁੱਖ ਮੰਤਰੀ ਸਵਿਰਾਜ ਸਿੰਘ ਚੌਹਾਨ (ਵਿਦੀਸ਼ਾ), ਕਾਂਗਰਸ ਆਗੂ ਦਿਗਵਿਜੈ ਸਿੰਘ ਸਣੇ ਕਈ ਸਿਆਸੀ ਆਗੂਆਂ ਦੀ ਕਿਸਮਤ ਈਵੀਐੱਮਜ ਵਿਚ ਬੰਦ ਹੋ ਗਈ।

ਅੱਜ ਦੇ ਗੇੜ ਮਗਰੋਂ ਲੋਕ ਸਭਾ ਦੀਆਂ 543 ਸੀਟਾਂ ਵਿਚੋਂ 282 ਸੀਟਾਂ ਲਈ ਵੋਟਿੰਗ ਦਾ ਅਮਲ ਪੂਰਾ ਹੋ ਗਿਆ ਹੈ। ਅਗਲੇ ਚਾਰ ਗੇੜਾਂ ਤਹਿਤ 13 ਮਈ, 20 ਮਈ, 25 ਮਈ ਤੇ 1 ਜੂਨ ਨੂੰ ਵੋਟਾਂ ਪੈਣਗੀਆਂ ਜਦੋਂਕਿ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਚੋਣ ਕਮਿਸ਼ਨ ਮੁਤਾਬਕ ਤੀਜੇ ਗੇੜ ਵਿਚ 63 ਫੀਸਦ ਤੋਂ ਵੱਧ ਪੋਲਿੰਗ ਰਿਕਾਰਡ ਕੀਤੀ ਗਈ ਹੈ। ਪਹਿਲੇ ਤੇ ਦੂਜੇ ਗੇੜ ਵਿਚ ਕ੍ਰਮਵਾਰ 66.14 ਫੀਸਦ ਤੇ 66.71 ਫੀਸਦ ਵੋਟਾਂ ਪਈਆਂ ਸਨ। ਵੋਟਿੰਗ ਸਵੇਰੇ ਸੱਤ ਵਜੇ ਸ਼ੁਰੂ ਹੋਈ। ਅਧਿਕਾਰਤ ਤੌਰ ’ਤੇ ਵੋਟਾਂ ਸਾਮੀਂ 6 ਵਜੇ ਤੱਕ ਹੀ ਪੈਣੀਆਂ ਸਨ, ਪਰ ਨਿਰਧਾਰਿਤ ਸਮਾਂ ਮੁੱਕਣ ਮਗਰੋਂ ਵੀ ਵੱਡੀ ਗਿਣਤੀ ਲੋਕ ਪੋਲਿੰਗ ਬੂਥਾਂ ਅੰਦਰ ਕਤਾਰਾਂ ਵਿਚ ਮੌਜੂਦ ਸਨ। ਤੀਜੇ ਗੇੜ ਵਿਚ ਕੁੱਲ 17.24 ਕਰੋੜ ਵਿਅਕਤੀ, ਜਿਨ੍ਹਾਂ ਵਿਚ 8.39 ਕਰੋੜ ਮਹਿਲਾਵਾਂ ਵੀ ਸ਼ਾਮਲ ਸਨ, ਵੋਟ ਪਾਉਣ ਦੇ ਯੋਗ ਸਨ। ਵੋਟਿੰਗ ਲਈ ਕੁੱਲ 1.85 ਲੱਖ ਪੋਲਿੰਗ ਸਟੇਸ਼ਨ ਸਥਾਪਿਤ ਕੀਤੇ ਗਏ ਸਨ। ਚੋਣ ਕਮਿਸ਼ਨ ਨੇ ਕਿਹਾ ਕਿ ਗੁਜਰਾਤ ਦੀਆਂ 25 ਲੋਕ ਸਭਾ ਸੀਟਾਂ ਲਈ 57.62 ਫੀਸਦ ਪੋਲਿੰਗ ਰਿਕਾਰਡ ਕੀਤੀ ਗਈ ਹੈ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਗਾਂਧੀਨਗਰ ਲੋਕ ਸਭਾ ਹਲਕੇ ਦੇ ਪੋਲਿੰਗ ਬੂਥ ਜਦੋਂਕਿ ਸ਼ਾਹ ਨੇ ਅਹਿਮਦਾਬਾਦ ਦੇ ਬੂਥ ’ਤੇ ਵੋਟ ਪਾਈ। ਤੀਜੇ ਗੇੜ ਵਿਚ ਸ਼ਾਹ (ਗਾਂਧੀਨਗਰ) ਸਣੇ ਕਈ ਕੇਂਦਰੀ ਮੰਤਰੀ ਜਿਓਤਿਰਦਿੱਤਿਆ ਸਿੰਧੀਆ (ਗੁਨਾ), ਮਨਸੁਖ ਮਾਂਡਵੀਆ(ਪੋਰਬੰਦਰ), ਪਰਸ਼ੋਤਮ ਰੁਪਾਲਾ (ਰਾਜਕੋਟ), ਪ੍ਰਹਿਲਾਦ ਜੋਸ਼ੀ (ਧਾਰਵਾੜ) ਤੇ ਐੱਸਪੀ ਸਿੰਘ ਬਘੇਲ (ਆਗਰਾ) ਚੋਣ ਮੈਦਾਨ ਵਿਚ ਸਨ। ਉੱਤਰ ਪ੍ਰਦੇਸ਼, ਜਿੱਥੇ ਸਮਾਜਵਾਦੀ ਪਾਰਟੀ ਦੇ ਪਿਤਾਮਾ ਮੁਲਾਇਮ ਸਿੰਘ ਯਾਦਵ ਪਰਿਵਾਰ ਦੇ ਕਈ ਜੀਅ ਚੋਣ ਲੜ ਰਹੇ ਹਨ, ਵਿਚ ਦਸ ਸੀਟਾਂ ਲਈ 57.34 ਫੀਸਦ ਵੋਟਾਂ ਪਈਆਂ ਹਨ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਦਾਅਵਾ ਕੀਤਾ ਕਿ ਭਾਜਪਾ ਵਰਕਰਾਂ ਨੇ ਮੈਨਪੁਰੀ ਵਿਚ ‘ਬੂਥ ਲੁੱਟਣ’ ਦੀ ਕੋਸ਼ਿਸ਼ ਕੀਤੀ ਤੇ ਵਿਰੋਧੀ ਪਾਰਟੀਆਂ ਨਾਲ ਸਬੰਧਤ ਲੋਕਾਂ ਨੂੰ ਪੁਲੀਸ ਥਾਣਿਆਂ ਵਿਚ ਡੱਕਿਆ ਗਿਆ। ਯਾਦਵ ਨੇ ਮੈਨਪੁਰੀ ਹਲਕੇ, ਜਿੱਥੋਂ ਉਨ੍ਹਾਂ ਦੀ ਪਤਨੀ ਤੇ ਮੌਜੂਦਾ ਸੰਸਦ ਮੈਂਬਰ ਡਿੰਪਲ ਯਾਦਵ ਚੋਣ ਲੜ ਰਹੀ ਹੈ, ਦੇ ਸੈਫਈ (ਇਟਾਵਾ) ਵਿਚ ਵੋਟ ਪਾਈ।

# ਭਾਜਪਾ ਨੂੰ ਛੱਡ ਕੇ ਕਾਂਗਰਸ ਦੀ ਹਮਾਇਤ ਦਾ ਐਲਾਨ

ਚੰਡੀਗੜ੍ਹ, (ਸ਼.ਪ.)-ਹਰਿਆਣਾ ਵਿੱਚ ਭਾਜਪਾ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਸੂਬੇ ਦੇ ਤਿੰਨ ਆਜ਼ਾਦ ਵਿਧਾਇਕਾਂ ਨੇ ਨਾਇਬ ਸਿੰਘ ਸੈਣੀ ਸਰਕਾਰ ਤੋਂ ਆਪਣੀ ਹਮਾਇਤ ਵਾਪਸ ਲੈਂਦਿਆਂ ਕਾਂਗਰਸ ਦੀ ਹਮਾਇਤ ਦਾ ਐਲਾਨ ਕਰ ਦਿੱਤਾ। ਇਹ ਐਲਾਨ ਵਿਧਾਨ ਸਭਾ ਹਲਕਾ ਚਰਖੀ ਦਾਦਰੀ ਤੋਂ ਆਜ਼ਾਦ ਵਿਧਾਇਕ ਸੋਮਵੀਰ ਸਾਂਗਵਾਨ, ਪੁੰਡਰੀ ਤੋਂ ਰਣਧੀਰ ਗੋਲਣ ਅਤੇ ਨੀਲੋਖੇੜੀ ਤੋਂ ਧਰਮਪਾਲ ਗੌਂਡਰ ਨੇ ਰੋਹਤਕ ਵਿਖੇ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਮੌਜੂਦਗੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਤਿੰਨਾਂ ਆਜ਼ਾਦ ਵਿਧਾਇਕਾਂ ਦੇ ਹਮਾਇਤ ਵਾਪਸ ਲੈਣ ਦੇ ਨਾਲ ਹੀ ਹਰਿਆਣਾ ਵਿੱਚ ਭਾਜਪਾ ਸਰਕਾਰ ਆਪਣਾ ਬਹੁਮਤ ਗੁਆ ਚੁੱਕੀ ਹੈ। ਹੁਣ ਭਾਜਪਾ ਕੋਲ 88 ਵਿੱਚੋਂ 43 ਵਿਧਾਇਕ ਹੀ ਬਚੇ ਹਨ।

ਆਜ਼ਾਦ ਵਿਧਾਇਕ ਧਰਮਪਾਲ ਗੌਂਡਰ, ਸੋਮਵੀਰ ਸਾਂਗਵਾਨ ਤੇ ਰਣਧੀਰ ਗੋਲਣ ਨੇ ਇੱਕਸੁਰ ਹੋ ਕੇ ਕਿਹਾ ਕਿ ਉਨ੍ਹਾਂ ਕਿਸਾਨਾਂ ਦੇ ਮੁੱਦਿਆਂ ਅਤੇ ਸੂਬੇ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਹ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਲੋਕਾਂ ਦਾ ਭਰੋਸਾ ਗੁਆ ਚੁੱਕੀ ਹੈ, ਹੁਣ ਲੋਕਾਂ ਨੂੰ ਸਿਰਫ਼ ਕਾਂਗਰਸ ਪਾਰਟੀ ਤੋਂ ਹੀ ਆਸ ਦਿਖਾਈ ਦੇ ਰਹੀ ਹੈ। ਆਜ਼ਾਦ ਵਿਧਾਇਕਾਂ ਨੇ ਕਿਹਾ ਕਿ ਉਹ ‘ਇੰਡੀਆ’ ਗੱਠਜੋੜ ਦੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਕੰਮ ਕਰਨਗੇ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਤਿੰਨਾਂ ਵਿਧਾਇਕਾਂ ਦਾ ਸਵਾਗਤ ਕੀਤਾ। ਸ੍ਰੀ ਹੁੱਡਾ ਨੇ ਕਿਹਾ ਕਿ ਜੇਜੇਪੀ ਤੇ ਤਿੰਨ ਆਜ਼ਾਦ ਵਿਧਾਇਕਾਂ ਦੇ ਭਾਜਪਾ ਤੋਂ ਹਮਾਇਤ ਵਾਪਸ ਲੈਣ ਤੋਂ ਬਾਅਦ ਹਰਿਆਣਾ ਵਿੱਚ ਭਾਜਪਾ ਆਪਣਾ ਬਹੁਮਤ ਗੁਆ ਚੁੱਕੀ ਹੈ। ਅਜਿਹੇ ਹਾਲਾਤ ਵਿੱਚ ਸੂਬੇ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਕੇ ਵਿਧਾਨ ਸਭਾ ਚੋਣਾਂ ਕਰਵਾਈਆਂ



ਜਾਣੀਆਂ ਚਾਹੀਦੀਆਂ ਹਨ। ਹਰਿਆਣਾ ਕਾਂਗਰਸ ਦੇ ਪ੍ਰਧਾਨ ਚੌਧਰੀ ਉਦੈ ਭਾਨ ਨੇ ਤਿੰਨਾਂ ਵਿਧਾਇਕਾਂ ਦਾ ਕਾਂਗਰਸ ਦੀ ਹਮਾਇਤ ਕਰਨ ’ਤੇ ਸਵਾਗਤ ਕੀਤਾ।

**43 ਵਿਧਾਇਕਾਂ ਦੇ ਬਾਵਜੂਦ ਸਰਕਾਰ ਨੂੰ ਕੋਈ ਖਤਰਾ ਨਹੀਂ**

ਹਰਿਆਣਾ ਵਿੱਚ ਭਾਜਪਾ ਕੋਲ 88 ਵਿੱਚੋਂ 43 ਵਿਧਾਇਕਾਂ ਦੀ ਹਮਾਇਤ ਹੋਣ ਦੇ ਬਾਵਜੂਦ ਕੋਈ ਖਤਰਾ ਨਹੀਂ ਹੈ ਕਿਉਂਕਿ ਨਾਇਬ ਸਿੰਘ ਸੈਣੀ ਦੇ ਮਾਰਚ ਮਹੀਨੇ ਵਿੱਚ ਮੁੱਖ ਮੰਤਰੀ ਬਣਦੇ ਹੀ ਵਿਰੋਧੀ ਧਿਰ ਵੱਲੋਂ ਵਿਧਾਨ ਸਭਾ ਵਿੱਚ ਬੇਭਰੋਸਗੀ ਮਤਾ ਪੇਸ਼ ਕੀਤਾ ਗਿਆ ਸੀ, ਜਿਸ ਵਿੱਚ ਸੂਬਾ ਸਰਕਾਰ ਬਹੁਮਤ ਸਾਬਤ ਕਰਨ ਵਿੱਚ ਕਾਮਯਾਬ ਰਹੀ ਸੀ। ਨਿਯਮਾਂ ਅਨੁਸਾਰ ਹੁਣ ਦੁਬਾਰਾ ਸਤੰਬਰ ਮਹੀਨੇ ਤੋਂ ਪਹਿਲਾ ਵਿਰੋਧੀ ਧਿਰ ਬੇਭਰੋਸਗੀ ਮਤਾ ਨਹੀਂ ਲਿਆ ਸਕਦੀ ਹੈ। ਜਦੋਂ ਕਿ ਅਕਤੂਬਰ 2024 ਵਿੱਚ ਹਰਿਆਣਾ ਵਿਧਾਨ ਸਭਾ ਦਾ ਕਾਰਜਕਾਲ ਪੂਰਾ ਹੋ ਜਾਵੇਗਾ। ਇਸ ਲਈ ਸਤੰਬਰ ਤੱਕ ਹਰਿਆਣਾ ਵਿੱਚ ਭਾਜਪਾ ਦੀ ਸਰਕਾਰ ਨੂੰ ਕੋਈ ਖਤਰਾ ਨਹੀਂ ਹੈ।

# ਨਵੇਂ ਪੁਰਾਣੇ ਵੰਸ਼ਵਾਦੀਆਂ ਦੀ ਸਿਆਸਤ



ਵੰਸ਼ਵਾਦੀ ਸਿਆਸਤ ਸੁਰਖੀਆਂ ਵਿਚ ਹੈ ਅਤੇ ਚੋਣ ਰੈਲੀਆਂ ਵਿਚ ਗਾਲੀ-ਗਲੋਚ ਦੇ ਵਰਤਾਰੇ ਉਪਰ ਛਾਈ ਹੋਈ ਹੈ। ਜਿਸ ਚੀਜ ਦਾ ਵਿਖਾਲਾ ਹੋ ਰਿਹਾ ਹੈ, ਉਹ ਇਹ ਹੈ ਕਿ ਪਰਿਵਾਰ ਆਪਣੀਆਂ ਪੀੜ੍ਹੀਆਂ ਦੀ ਕਮਾਈ ਸਿਆਸੀ ਪੂੰਜੀ ਹਥਿਆਉਣ ਅਤੇ ਹੋਰ ਜਿਆਦਾ ਸ਼ਕਤੀ ਇਕੱਠੀ ਕਰਨ ਲੱਗੇ ਹੋਏ ਹਨ। ਅਜਿਹੇ ਮੰਜਰ ਵਿਚ ਜਿੱਥੇ ਜਨਤਕ ਅਹੁਦਾ ਝਟਪਟ ਵਹਿਸ਼ੀ ਸ਼ਕਤੀ ਅਤੇ ਕਾਲੀ ਕਮਾਈ ਦਾ ਰੂਪ ਧਾਰ ਲੈਂਦਾ ਹੈ, ਉੱਥੇ ਸਿਆਸਤ ਇਕ ਉੱਦਮ ਹੈ; ਜਿਲਾ ਪੱਧਰ ਦੇ ਪੰਖੇਰੂਆਂ ਤੋਂ ਲੈ ਕੇ ਸੂਬਾਈ ਚੌਧਰੀਆਂ ਅਤੇ ਦੇਸ਼ ਦੇ ਵੱਡੇ ਇਲਾਕਿਆਂ ’ਤੇ ਪ੍ਰਭਾਵ ਰੱਖਣ ਵਾਲੇ ਸ਼ਾਸਕਾਂ ਤੱਕ ਸਿਆਸਤਦਾਨ ਇਸ ਦੇ ਸਭ ਤੋਂ ਵੱਡੇ ਉੱਦਮੀ ਹਨ; ਨਹੀਂ ਤਾਂ ਕਰਨ ਭੂਸ਼ਨ ਸਿੰਘ, ਪ੍ਰਜਵਲ ਰੇਵੰਨਾ ਅਤੇ ਰਾਹੁਲ ਗਾਂਧੀ ਦੀ ਰਾਏ ਬਰੇਲੀ ਤੋਂ ਨਾਮਜਦਗੀ ਟੀਵੀ ਅਖਬਾਰਾਂ ਲਈ ਇੰਨੀ ਵੱਡੀ ਖਬਰ ਕਿਵੇਂ ਬਣ ਸਕਦੀ ਹੈ। ਇਹ ਤਿੰਨੇ ਨਾ ਕੇਵਲ ਤਿੰਨ ਪੱਧਰਾਂ ’ਤੇ ਸਗੋਂ ਮੁਕਾਮੀ, ਖੇਤਰੀ ਤੇ ਕੌਮੀ ਪੱਧਰ ’ਤੇ ਭਾਰਤੀ ਸਿਆਸਤ ਵਿਚ ਵੰਸ਼ਵਾਦ ਦੀਆਂ ਨੁਮਾਇੰਦਾ ਮਿਸਾਲਾਂ ਹਨ; ਇਹ ਤਿੰਨੇ ਵੱਖੋ-ਵੱਖਰੀਆਂ ਸਿਆਸੀ ਇਕਾਈਆਂ ਨਾਲ ਸਬੰਧ ਰੱਖਦੇ ਹਨ। ਇਕ ਸ਼ੁੱਧ ਰੂਪ ਵਿਚ ਪਰਿਵਾਰ ਆਧਾਰਿਤ ਕੌਮੀ ਸਿਆਸੀ ਉੱਦਮ ਤੋਂ ਹੈ; ਦੂਜਾ ਦੱਖਣ ਦੇ ਇਕ ਹਿੱਸੇ ਤੱਕ ਸੀਮਤ ਜਾਤੀ ਆਧਾਰਿਤ ਪਰਿਵਾਰਕ ਜਥੇਬੰਦੀ ਨਾਲ ਜੁੜਿਆ ਹੈ ਅਤੇ ਤੀਜਾ ਕੇਡਰ ਆਧਾਰਿਤ ਵਿਚਾਰਧਾਰਕ ਸੰਗਠਨ ਤੋਂ ਹੈ ਜੋ ਸਭਿਆਚਾਰਕ ਰਾਸ਼ਟਰਵਾਦ ਦੇ ਹੋਕਰੇ ਲਾਉਂਦਾ ਹੈ ਅਤੇ ਭਾਰਤ ਮਾਤਾ ਦੀ ਪੂਜਾ ਦਾ ਦਮ ਭਰਦਾ ਹੈ।

ਉਂਝ, ਇਹ ਸਾਰੇ ਸੱਤਾ ਦੀ ਪਿੱਤਰਵਾਦੀ ਵਿਰਾਸਤ ਦੀ ਇਕੋ ਜਿਹੀ ਸਿਆਸਤ ਕਰਦੇ ਹਨ। ਨਾ ਕੇਵਲ ਇਹ ਤਿੰਨੇ ਸਗੋਂ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਸਮੁੱਚੇ ਦੇਸ਼ ਅੰਦਰ ਭਾਰਤੀ ਸਿਆਸਤ ਉਪਰ ਵੰਸ਼ਵਾਦੀਆਂ ਦਾ ਦਬਦਬਾ ਹੈ; ਹਾਲਾਂਕਿ ਉਮਰ ਅਬਦੁੱਲਾ ਤੀਜੀ ਪੀੜ੍ਹੀ ਦੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਹਨ, ਐੱਮਕੇ ਸਟਾਲਿਨ ਦੂਜੀ ਪੀੜ੍ਹੀ ਦੇ ਤਾਮਿਲ ਨਾਡੂ ਦੇ ਮੌਜੂਦਾ ਮੁੱਖ ਮੰਤਰੀ ਹਨ। ਲਗਭਗ ਸਾਰੇ ਸੂਬਿਆਂ ਅੰਦਰ ਵੰਸ਼ ਦੀਆਂ ਜੜ੍ਹਾਂ ਹਨ, ਭਾਵੇਂ ਸੰਗਠਨ ਨੂੰ ਸਿੰਜਣ ਵਾਲੀ ਵਿਚਾਰਧਾਰਾ ਦੀ ਕਿਸਮ ਕੋਈ ਵੀ ਹੋਵੇ; ਤਾਮਿਲ ਨਾਡੂ ਵਿਚ ਡੀਐੱਮਕੇ ਦਾ ਭਾਸ਼ਾਈ ਰਾਸ਼ਟਰਵਾਦੀ ਪੈਂਤੜਾ ਹੋਵੇ ਜਾਂ ਨੈਸ਼ਨਲ ਕਾਨਫਰੰਸ ਦਾ ਰਜਵਾੜਾਸ਼ਾਹੀ ਵਿਰੋਧੀ ਤੇ ਰਾਸ਼ਟਰਵਾਦ ਪੱਖੀ ਪੈਂਤੜਾ ਜਾਂ ਸ਼ਿਵ ਸੈਨਾ ਦਾ ਮਰਾਠਾ ਪ੍ਰਥਮ ਦਾ ਧੜਵੈਲਪੁਣਾ ਜਾਂ ਰਾਸ਼ਟਰੀ ਜਨਤਾ ਦਲ ਸਮਾਜਵਾਦੀ ਪਾਰਟੀ ਦਾ ਯਾਦਵ ਸਸ਼ਕਤੀਕਰਨ ਹੋਵੇ ਜਾਂ ਬਹੁਜਨ ਸਮਾਜ ਪਾਰਟੀ ਲਈ ਦਲਿਤ ਮੁਕਤੀ ਦਾ ਨਾਅਰਾ। ਦੂਰ-ਦੂਰ ਤੱਕ ਫੈਲੇ ਇਸ ਵਰਤਾਰੇ ਦਾ ਬਿਹਤਰੀਨ ਖੁਲਾਸਾ ਭਾਜਪਾ ਦੇ ਐੱਮਪੀ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਪੁੱਤਰ ਕਰਨ ਭੂਸ਼ਨ ਦੀ ਨਾਮਜਦਗੀ ਨੇ ਕੀਤਾ ਹੈ। ਉਹ ਸਮਕਾਲੀ ਰਾਜਨੀਤੀ ਦੀ ਸਭ ਤੋਂ ਵਿਵਾਦ ਵਾਲੀ ਹਸਤੀ ਹੈ ਜਿਸ ਨੂੰ 1990ਵਿਆਂ ਵਿਚ ਜੇਜੇ ਹਸਪਤਾਲ ਵਿਚ ਗੋਲੀਬਾਰੀ ਜਿਸ ਵਿਚ ਦਾਊਦ ਇਬਰਾਹੀਮ ਗੈਂਗ ਦਾ ਨਾਂ ਵੀ ਜੁੜਦਾ ਸੀ, ਦੇ ਮਾਮਲੇ ਵਿਚ ਮੁਲਜਮ ਨਾਮਜਦ ਕੀਤਾ ਗਿਆ ਸੀ, ਬਾਅਦ ਵਿਚ ਉਹ ਬਰੀ ਹੋ ਗਏ ਸਨ। ਉਸ ਖਿਲਾਫ ਮਹਿਲਾ ਪਹਿਲਵਾਨਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗਣ ਨਾਲ ਨਾ ਕੇਵਲ ਭਾਜਪਾ ਦੀ ਬਦਨਾਮੀ ਹੋਈ ਸਗੋਂ ਭਾਰਤੀ ਖੇਡ ਪ੍ਰਸ਼ਾਸਨ ਦੀ ਕਦਰ ਵੀ ਘਟੀ। ਫਿਰ ਵੀ ਉਹ ਆਪਣੇ ਪ੍ਰਭਾਵ ਵਾਲੇ ਇਲਾਕੇ ਵਿਚ ਕੈਸਰਗੰਜ ਹਲਕੇ ਤੋਂ ਆਪਣੇ ਪੁੱਤਰ ਨੂੰ ਭਾਜਪਾ ਦੀ ਟਿਕਟ ਲੈਣ ਵਿਚ ਸਫਲ ਹੋ ਗਿਆ। ਕਿਸੇ ਕੇਡਰ ਆਧਾਰਿਤ ਪਾਰਟੀ ਲਈ ਵੀ ਕਿਸੇ ਮੁਕਾਮੀ ਬਾਹੂਬਲੀ ਦੀ ਸਿਆਸੀ ਪੂੰਜੀ ਨੂੰ ਨਕਾਰਨਾ ਵਾਰਾ ਨਹੀਂ ਖਾਂਦਾ। ਜਦੋਂ ਇਕ-ਇਕ ਸੀਟ ਮਾਇਨੇ ਰੱਖਦੀ ਹੋਵੇ ਤਾਂ ਅਜਿਹੇ ਫਸਵੇਂ ਮੁਕਾਬਲੇ ਵਿਚ ਚੋਣ ਜਿੱਤਣ ਦੀ ਕਾਬਲੀਅਤ ਸੰਗਠਨ ਦੇ ਅਸੂਲਾਂ ਉਪਰ ਭਾਰੂ ਪੈ ਜਾਂਦੀ ਹੈ। ਰਿਪੋਰਟਾਂ ਆਈਆਂ ਸਨ ਕਿ ਯੂਪੀ ਵਿਚ 54 ਸਿੱਖਿਆ ਸੰਸਥਾਵਾਂ ਦਾ ਕੰਟਰੋਲ ਬ੍ਰਿਜ ਭੂਸ਼ਨ ਦੇ ਹੱਥਾਂ ਵਿਚ ਹੈ। ਇਸ ਲਈ ਮਹਿਜ ਇਕ ਹਲਕੇ ਦਾ ਸਵਾਲ ਨਹੀਂ ਸਗੋਂ ਤਿੰਨ ਚਾਰ ਹਲਕਿਆਂ ’ਤੇ ਪ੍ਰਭਾਵ ਅਤੇ ਭਾਰੂ ਬਰਾਦਰੀ ਦਾ ਮਾਮਲਾ ਹੈ। ਇਹ ਉਹ ਸਖਸ ਹਨ ਜੋ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਆਪਣੀ ਸਾਮੰਤੀ ਦਖਲਅੰਦਾਜੀ ਕਰ ਕੇ ਮੁਕਾਮੀ ਰਿਸ਼ਤਾ ਕਾਇਮ ਕਰ ਲੈਂਦੇ ਹਨ ਤੇ ਫਿਰ ਇਸ ਨੂੰ ਸਿਆਸੀ ਪੂੰਜੀ ਵਿਚ ਬਦਲ ਲੈਂਦੇ ਹਨ ਜੋ ਬਾਅਦ ਵਿਚ ਵਿਰਾਸਤ ਦਾ ਔਜਾਰ ਬਣ ਜਾਂਦੀ ਹੈ।

ਪ੍ਰਜਵਲ ਰੇਵੰਨਾ ਸਾਬਕਾ ਪ੍ਰਧਾਨ ਮੰਤਰੀ ਐੱਚਡੀ ਦੇਵ ਗੌੜਾ ਦਾ ਪੋਤਰਾ ਹੈ ਅਤੇ ਇਸ ਪਰਿਵਾਰ ਦੇ ਜੱਦੀ ਹਲਕੇ ਹਾਸਨ ਤੋਂ ਮੁੱਖ ਦਾਅਵੇਦਾਰ ਹੈ। ਜਦੋਂ ਭਾਜਪਾ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਜਨਤਾ ਦਲ (ਸੈਕੂਲਰ) ਨਾਲ ਗੱਠਜੋੜ ਕੀਤਾ ਸੀ ਤਾਂ ਇਸ ਨੂੰ ਇਸ ਵਿਵਾਦਗ੍ਰਸਤ ਐੱਮਪੀ ਨਾਲ ਮਿਲ ਕੇ ਚੱਲਣਾ ਪੈਣਾ ਸੀ। ਦਰਅਸਲ, ਵੱਡੇ ਗੌੜਾ ਨੇ ਆਪਣੇ ਪੋਤਰੇ ਦੀ ਖਾਤਿਰ ਹੀ ਇਹ ਸੁਰੱਖਿਅਤ ਸੀਟ ਖਾਲੀ ਕੀਤੀ ਸੀ ਅਤੇ ਆਪ 2019 ਵਿਚ ਟੁਮਕੁਰੂ ਤੋਂ ਚੋਣ ਲੜੀ ਸੀ ਜਿਸ ਵਿਚ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਪ੍ਰਜਵਲ ਖਿਲਾਫ ਔਰਤਾਂ ਦੇ ਜਿਨਸੀ ਸ਼ੋਸ਼ਣ ਦੇ ਬਹੁਤ ਹੀ ਗੰਭੀਰ ਦੋਸ਼ ਲੱਗੇ ਪਰ ਭਾਜਪਾ ਨੇ ਇਨ੍ਹਾਂ ਦੋਸ਼ਾਂ ਪ੍ਰਤੀ ਅੱਖਾਂ ਬੰਦ ਕਰ ਕੇ ਜਨਤਾ ਦਲ (ਐੱਸ) ਨਾਲ ਹੱਥ ਮਿਲਾ ਲਏ ਸਨ ਹਾਲਾਂਕਿ ਕਰਨਾਟਕਾ ਭਾਜਪਾ ਦੇ ਆਗੂ ਦੇਵਰਾਜੇ ਗੌੜਾ ਨੇ ਦਸੰਬਰ 2023 ਨੂੰ ਪ੍ਰਦੇਸ਼ ਭਾਜਪਾ ਪ੍ਰਧਾਨ ਬੀਐੱਸ ਵਿਜੇਂਦਰ ਜੋ ਖੁਦ ਵੀ ਵੰਸ਼ਵਾਦੀ ਅਤੇ ਸਾਬਕਾ ਮੁੱਖ ਮੰਤਰੀ ਬੀਐੱਸ ਯੇਡੀਯੁਰੱਪਾ ਦਾ ਪੁੱਤਰ ਹੈ, ਨੂੰ ਲਿਖੀ ਚਿੱਠੀ ਵਿਚ ਇਨ੍ਹਾਂ ਦੋਸ਼ਾਂ ਦਾ ਜਿਕਰ ਕੀਤਾ ਸੀ।

ਕਰਨਾਟਕਾ ’ਚ ਕਾਂਗਰਸ ਸਰਕਾਰ ਵੀ ਵੋਕਾਲਿਗਾ (ਦੇਵ ਗੌੜਾ ਦੀ ਬਰਾਦਰੀ) ਦੇ ਦਾਬੇ ਵਾਲੇ ਹਲਕਿਆਂ ’ਚ 26 ਅਪਰੈਲ ਨੂੰ ਮੱਤਦਾਨ ਹੋਣ ਤੱਕ ਪ੍ਰਜਵਲ ਖਿਲਾਫ ਕੇਸ ਦਰਜ ਕਰਨ ਤੋਂ ਟਾਲਾ ਵੱਟਦੀ ਰਹੀ। ਬਰਾਦਰੀ ਸਿਆਸਤ ਦੀ ਇਹ ਤਾਕਤ ਹੁੰਦੀ ਹੈ ਕਿ ਇਹ ਉਦਮੀ ਪਰਿਵਾਰਾਂ ਲਈ ਸਿਆਸੀ ਕਰੀਅਰ ਉਸਾਰਨ ਦੀ ਠੋਸ ਆਧਾਰ ਬਣ ਜਾਂਦੀ ਹੈ ਤੇ ਸਮਾਂ ਪਾ ਕੇ ਇੰਨਾ ਕੁ ਸਿਆਸੀ ਧਨ ਇਕੱਤਰ ਹੋ ਜਾਂਦਾ ਜਿਨ੍ਹਾਂ ਦਾ ਵਿਆਜ ਨਵੀਆਂ ਤੇ ਵਿਹਲੜ ਪੀੜ੍ਹੀਆਂ ਖਾਂਦੀਆਂ ਹਨ।

*ਕਾਂਗਰਸ ਦੇ ਮਾਮਲੇ ਵਿਚ ਇਹ ਬਹੁਤ ਜਾਣੀ ਪਛਾਣੀ ਗੱਲ ਲਗਦੀ ਹੈ। ਚਾਰ ਪੀੜ੍ਹੀਆਂ (ਜੇ ਮੋਤੀਲਾਲ ਨਹਿਰੂ ਨੂੰ ਨਹਿਰੂ ਗਾਂਧੀ ਵੰਸ਼ ਦਾ ਮੋਢੀ ਮੰਨਿਆ ਜਾਵੇ) ਦੀ ਜਬਰਦਸਤ ਸਫਲਤਾ ਤੋਂ ਬਾਅਦ ਪੰਜਵੀਂ ਪੀੜ੍ਹੀ ਥਿੜਕਣ ਲੱਗ ਪਈ। ਸੁਭਾਵਿਕ ਹੈ ਜਿਵੇਂ ਪ੍ਰੋ. ਲੈਂਡੇਸ ਨੇ ਵਿਸ਼ਲੇਸ਼ਣ ਕੀਤਾ ਸੀ- "ਜਿਵੇਂ ਕਿਸੇ ਫਰਮ ਦੀ ਸ਼ਕਤੀ ਤੇ ਵੱਕਾਰ ਵਧਦਾ ਫੁੱਲਦਾ ਹੈ ਤਾਂ ਇਸ ਦੇ ਵੰਸ਼ਜਾਂ ਦਾ ਮਨ ਕਾਰੋਬਾਰ ਦੀ ਬਜਾਇ ਹੋਰ ਕੰਮ ਵਿਚ ਜਿਆਦਾ ਖੁਭਣ ਲੱਗ ਪੈਂਦਾ ਹੈ।*

ਇਸ ਲੇਖ ਵਿਚ ਕਾਰੋਬਾਰੀ ਮੁਹਾਵਰੇ ਦੀ ਖੂਬ ਵਰਤੋਂ ਕਰਨ ਤੋਂ ਬਾਅਦ ਹਾਰਵਰਡ ਯੂਨੀਵਰਸਿਟੀ ਦੇ ਇਤਿਹਾਸ ਤੇ ਅਰਥ ਸ਼ਾਸਤਰ ਦੇ ਮਰਹੂਮ ਪ੍ਰੋਫੈਸਰ ਅਮੈਰਿਟਸ ਡੇਵਿਡ ਐੱਸ ਲੈਂਡੇਸ ਵਲੋਂ ਵੰਸ਼ਾਂ ਉਪਰ ਲਿਖੀ ਕਿਤਾਬ ਦਾ ਹਵਾਲਾ ਦੇਣ ਵਾਜਿਬ ਹੈ। ਰੌਥਸਚਾਈਲਡ, ਮੌਰਗਨ, ਫੋਰਡ, ਰੌਕਫੈਲਰ ਅਤੇ ਕੋਈ ਹੋਰ ਪਰਿਵਾਰਾਂ ਦੇ ਲਗਾਤਾਰ ਉਭਾਰ ਦਾ ਵਿਸ਼ਲੇਸ਼ਣ ਕਰਦੇ ਹੋਏ ਪ੍ਰੋਫੈਸਰ ਲੈਂਡੇਸ ਕਿਸੇ ਕਾਰੋਬਾਰ ਉਪਰ ਤਿੰਨ ਪੀੜ੍ਹੀਆਂ ਤੱਕ ਕਿਸੇ ਪਰਿਵਾਰ ਦੇ ਕੰਟਰੋਲ ਨੂੰ ਵੰਸ਼ ਵਜੋਂ ਪਰਿਭਾਸ਼ਤ ਕਰਦੇ ਹਨ। ਉਹ ਧਿਆਨ ਦਿਵਾਉਂਦੇ ਹਨ ਕਿ ਕਿਸੇ ਵੰਸ਼ ਦੀ ਲਗਾਤਾਰਤਾ ਲਈ ਨਾ ਕੇਵਲ ਵਿਕਾਸ, ਵੰਨ-ਸਵੰਤਨਤਾ ਅਤੇ ਤਕਨੀਕੀ ਪ੍ਰਗਤੀ ਜਰੂਰੀ ਹਨ ਸਗੋਂ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਸਫਲਤਾ ਇਸ ਦੀ ਦੁਸ਼ਮਣ ਹੁੰਦੀ ਹੈ। ਕਾਂਗਰਸ ਦੇ ਮਾਮਲੇ ਵਿਚ ਇਹ ਬਹੁਤ ਜਾਣੀ ਪਛਾਣੀ ਗੱਲ ਲਗਦੀ ਹੈ। ਚਾਰ ਪੀੜ੍ਹੀਆਂ (ਜੇ ਮੋਤੀਲਾਲ ਨਹਿਰੂ ਨੂੰ ਨਹਿਰੂ ਗਾਂਧੀ ਵੰਸ਼ ਦਾ ਮੋਢੀ ਮੰਨਿਆ ਜਾਵੇ) ਦੀ ਜਬਰਦਸਤ ਸਫਲਤਾ ਤੋਂ ਬਾਅਦ ਪੰਜਵੀਂ ਪੀੜ੍ਹੀ ਥਿੜਕਣ ਲੱਗ ਪਈ। ਸੁਭਾਵਿਕ ਹੈ ਜਿਵੇਂ ਪ੍ਰੋ. ਲੈਂਡੇਸ ਨੇ ਵਿਸ਼ਲੇਸ਼ਣ ਕੀਤਾ ਸੀ- "ਜਿਵੇਂ ਕਿਸੇ ਫਰਮ ਦੀ ਸ਼ਕਤੀ ਤੇ ਵੱਕਾਰ ਵਧਦਾ ਫੁੱਲਦਾ ਹੈ ਤਾਂ ਇਸ ਦੇ ਵੰਸ਼ਜਾਂ ਦਾ ਮਨ ਕਾਰੋਬਾਰ ਦੀ ਬਜਾਇ ਹੋਰ ਕੰਮ ਵਿਚ ਜਿਆਦਾ ਖੁਭਣ ਲੱਗ ਪੈਂਦਾ ਹੈ। ਆਪਣੇ ਵੱਡੇ ਵਡੇਰਿਆਂ ਵਾਂਗ ਸ਼ਰਟਾਂ ਪਹਿਨਣ ਦੀ ਬਜਾਇ ਉਹ ਰੇਸ਼ਮ ਤੇ ਮਖਮਲ ਪਹਿਨਣਾ ਸ਼ੁਰੂ ਕਰ ਦਿੰਦੇ ਹਨ ਜਾਂ ਹੋਰ ਸੁੱਖ ਸਹੂਲਤਾਂ ਮਾਣਨ ਲੱਗ ਪੈਂਦੇ ਹਨ।" ਇਸੇ ਕਰ ਕੇ ਰਾਏ ਬਰੇਲੀ ਤੋਂ ਰਾਹੁਲ ਗਾਂਧੀ ਦੀ ਨਾਮਜਦਗੀ ਨੂੰ ਸਿਆਸੀ ਤਿਰਸਕਾਰ ਦਾ ਪਾਤਰ ਬਣ ਗਈ ਹੈ। 2019 ’ਚ ਅਮੇਠੀ ਦੀ ਹਾਰ (ਜਿੱਥੋਂ ਸੰਜੇ, ਰਾਜੀਵ ਤੇ ਸੋਨੀਆ ਵੀ ਨੁਮਾਇੰਦਗੀ ਕਰਦੇ ਰਹੇ ਸਨ) ਤੋਂ ਬਾਅਦ ਰਾਹੁਲ ਗਾਂਧੀ ਹੁਣ ਰਾਏ ਬਰੇਲੀ ਚਲੇ ਗਏ ਹਨ। ਫਿਰੋਜ ਗਾਂਧੀ ਨੇ 1952 ਵਿਚ ਪਹਿਲੀ ਚੋਣ ਰਾਏ ਬਰੇਲੀ ਤੋਂ ਲੜੀ ਸੀ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਇਹ ਇੰਦਰਾ ਗਾਂਧੀ ਅਤੇ ਫਿਰ ਸੋਨੀਆ ਗਾਂਧੀ ਦਾ ਹਲਕਾ ਬਣ ਗਿਆ। ਗਾਂਧੀ ਪਰਿਵਾਰ ਜਿਵੇਂ ਆਪਣੀ ਵਿਰਾਸਤ ਨਾਲ ਚਿੰਬੜਿਆ ਹੋਇਆ ਹੈ, ਉਸ ਤੋਂ ਵੰਸ਼ਵਾਦ ਵਿਰੋਧੀ ਆਧੁਨਿਕਤਾਵਾਦੀਆਂ ਜੋ ਕੋਈ ਹੈ ਤਾਂ, ਨੂੰ ਧਰਵਾਸ ਲੈਣ ਦੀ ਲੋੜ ਨਹੀਂ ਕਿਉਂਕਿ ਗਾਂਧੀਆਂ ਦੀ ਅਸਫਲਤਾ ਸਿਆਸੀ ਸੰਕਲਪ ਵਜੋਂ ਵੰਸ਼ਵਾਦ ਦੀ ਅਸਫਲਤਾ ਨਹੀਂ ਸਗੋਂ ਕਾਰਗਰ ਪ੍ਰਬੰਧਕਾਂ ਵਜੋਂ ਵੰਸ਼ਵਾਦੀਆਂ ਦੀ ਨਾਕਾਮੀ ਹੈ।






# ਨਿੱਝਰ ਹੱਤਿਆ ਮਾਮਲਾ ਮੁੜ ਭਖਿਆ





ਚੰਡੀਗੜ੍ਹ: ਖਾਲਿਸਤਾਨ ਪੱਖੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿਚ ਕੈਨੇਡਾ ਪੁਲਿਸ ਵੱਲੋਂ ਤਿੰਨ ਨੌਜਵਾਨਾਂ ਦੀ ਗ੍ਰਿਫ਼ਤਾਰੀ ਪਿੱਛੋਂ ਇਹ ਮਾਮਲਾ ਮੁੜ ਭਖ ਗਿਆ ਹੈ। ਇਹ ਤਿੰਨੇ ਨੌਜਵਾਨ ਪੰਜਾਬੀ ਹਨ ਜਿਨ੍ਹਾਂ ਦੀ ਪਛਾਣ ਕਰਨਪ੍ਰੀਤ ਸਿੰਘ (28), ਕਰਨ ਬਰਾੜ (22) ਅਤੇ ਕਮਲਪ੍ਰੀਤ ਸਿੰਘ (22) ਵਜੋਂ ਹੋਈ ਹੈ। ਉਧਰ, ਪੰਜਾਬ ਪੁਲਿਸ ਦਾ ਦਾਅਵਾ ਹੈ ਕਿ ਇਨ੍ਹਾਂ ਨੌਜਵਾਨਾਂ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ ਹਾਲਾਂਕਿ ਕੁਝ ਰਿਪੋਰਟਾਂ ਮੁਤਾਬਿਕ ਇਨ੍ਹਾਂ ਨੌਜਵਾਨਾਂ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਸੰਪਰਕ ਵਿਚ ਦੱਸਿਆ ਜਾ ਰਿਹਾ ਹੈ ਜਿਸ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਲਈ ਸੀ। ਕੈਨੇਡਾ ਪੁਲਿਸ ਨੇ ਭਾਰਤੀ ਖੁਫੀਆ ਏਜੰਸੀਆਂ ਦੇ ਕੰਟਰੋਲ ਹੇਠਲੇ ਸਮੂਹ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਪੰਜਾਬ ਪੁਲਿਸ ਮੁਤਾਬਿਕ, ਕਰਨਪ੍ਰੀਤ ਬਟਾਲਾ ਵਿਚ ਘਣੀਏ ਕੇ ਬਾਂਗਰ ਥਾਣੇ ਅਧੀਨ ਪੈਂਦੇ ਸੁੰਦਰ ਪਿੰਡ ਨਾਲ ਸਬੰਧਿਤ ਹੈ।



ਉਸ ਦੇ ਪਿਤਾ ਸੁਖਦੇਵ ਸਿੰਘ ਪਿੰਡ ਦੇ ਹੀ ਗੁਰਦੁਆਰੇ 'ਚ ਗ੍ਰੰਥੀ ਹਨ ਅਤੇ ਕਿਸਾਨ ਜਥੇਬੰਦੀ ਦੇ ਮੈਂਬਰ ਹਨ ਜਿਸ ਦੇ ਆਗੂਆਂ ਖ਼ਿਲਾਫ਼ 26 ਜਨਵਰੀ 2021 ਨੂੰ ਲਾਲ ਕਿਲ੍ਹੇ 'ਤੇ ਹਿੰਸਾ ਸਬੰਧੀ ਕੇਸ ਦਰਜ ਕੀਤਾ ਗਿਆ ਸੀ। ਤਿੰਨ ਸਾਲ ਪਹਿਲਾਂ ਕਰਨਪ੍ਰੀਤ ਦੇ ਕੈਨੇਡਾ ਜਾਣ ਤੋਂ ਪਹਿਲਾਂ ਦੋਵੇਂ ਪਿਉ-ਪੁੱਤ ਦੁਬਈ 'ਚ ਡਰਾਇਵਰੀ ਕਰਦੇ ਸਨ। ਸੁਖਦੇਵ ਸਿੰਘ ਬਾਅਦ ਵਿਚ ਭਾਰਤ ਪਰਤ ਆਇਆ ਸੀ। ਕਰਨਪ੍ਰੀਤ ਦੀਆਂ ਦੋ ਵੱਡੀਆਂ ਭੈਣਾਂ ਹਨ, ਦੋਵੇਂ ਵਿਆਹੀਆਂ ਹੋਈਆਂ ਹਨ। ਕਿਰਨਜੀਤ ਸਿੰਘ ਉਰਫ਼ ਕਰਨ ਬਰਾੜ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਹੈ ਕਿ ਕਰਨ ਬਰਾੜ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਵਿਚ ਸ਼ਾਮਲ ਨਹੀਂ ਸੀ। ਉਸ ਨੂੰ ਕਿਸੇ ਸਾਜ਼ਿਸ਼ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਕਰਨ ਬਰਾੜ 12ਵੀਂ ਪਾਸ ਕਰਨ ਤੋਂ ਬਾਅਦ ਫਰਵਰੀ 2020 ਵਿਚ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ ਅਤੇ ਇਸ ਵੇਲੇ ਉੱਥੇ ਵਰਕ ਪਰਮਿਟ 'ਤੇ ਕੰਮ ਕਰ ਰਿਹਾ ਹੈ। ਕਰਨ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਹੈ। ਉਸ ਦੇ ਪਿਤਾ ਮਨਦੀਪ ਸਿੰਘ ਬਰਾੜ ਦੀ ਕੁਝ ਦਿਨ ਪਹਿਲਾਂ ਮੌਤ ਹੋ ਗਈ ਸੀ। ਕਮਲਪ੍ਰੀਤ ਸਿੰਘ (23) ਨਕੋਦਰ ਨੇੜਲੇ ਪਿੰਡ ਚੱਕ ਕਲਾਂ ਦਾ ਰਹਿਣ ਵਾਲਾ ਹੈ। ਕਮਲਪ੍ਰੀਤ ਸਿੰਘ ਦੇ ਪਿਤਾ ਸਤਨਾਮ ਸਿੰਘ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਉਨ੍ਹਾਂ ਦੇ ਪੁੱਤਰ ਨੂੰ ਇਸ ਕੇਸ ਵਿਚ ਫੜਿਆ ਗਿਆ ਹੈ। ਉਨ੍ਹਾਂ ਦਾ ਪੁੱਤਰ ਕਮਲਪ੍ਰੀਤ ਸਿੰਘ 2019 ਵਿਚ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ। ਕੈਨੇਡਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਗ੍ਰਿਫਤਾਰ ਕੀਤੇ ਵਿਅਕਤੀ ਕਥਿਤ ਸਮੂਹ ਦੇ ਮੈਂਬਰ ਹਨ ਜਿਸ ਨੂੰ ਭਾਰਤ ਸਰਕਾਰ ਨੇ ਪਿਛਲੇ ਸਾਲ ਨਿੱਝਰ ਦੀ ਹੱਤਿਆ ਦਾ ਕੌਂਪਿਆ ਸੀ। ਨਿੱਝਰ (45) ਦੀ ਹੱਤਿਆ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਚ ਗੁਰਦੁਆਰੇ ਦੇ ਬਾਹਰ ਕਰ ਦਿੱਤੀ ਗਈ ਸੀ। ਉਧਰ, ਕੈਨੇਡਾ ਦੇ ਸਿੱਖ ਨੇਤਾ ਜਗਮੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਹਰਦੀਪ ਸਿੰਘ ਨਿੱਝਰ ਦਾ ਕਤਲ ਭਾਰਤ ਨੇ ਕਰਵਾਇਆ ਹੈ। ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਪੋਸਟ ਵਿਚ ਜਗਮੀਤ ਸਿੰਘ ਨੇ ਲਿਖਿਆ ਹੈ, "ਭਾਰਤ ਸਰਕਾਰ ਨੇ ਕਾਤਲਾਂ ਦੀ ਮਦਦ ਨਾਲ ਕੈਨੇਡੀਅਨਨਾਗਰਿਕ ਦਾ ਕੈਨੇਡਾ ਦੀ ਧਰਤੀ ਉਤੇ ਕਤਲ ਕਰਵਾ ਦਿੱਤਾ, ਉਹ ਵੀ ਧਾਰਮਿਕ ਸਥਾਨ 'ਤੇ। ਇਸ ਮਾਮਲੇ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜੇ ਕੋਈ ਭਾਰਤੀ ਏਜੰਟ ਜਾਂ ਭਾਰਤ ਸਰਕਾਰ ਦਾ ਵਿਅਕਤੀ ਇਸ ਮਾਮਲੇ ਵਿਚ ਸ਼ਾਮਲ ਹੋਇਆ ਤਾਂ ਉਸ ਵਿਰੁੱਧ ਕੈਨੇਡਾ ਦੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ।" ਇਸੇ ਦੌਰਾਨ ਦਲ ਖ਼ਾਲਸਾ ਨੇ ਪਾਕਿਸਤਾਨ ਵਿਚ ਕਤਲ ਕੀਤੇ ਗਏ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਪਰਮਜੀਤ ਸਿੰਘ ਪੰਜਵੜ ਦੀ ਪਹਿਲੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਕਿ ਉਹ ਪਰਮਜੀਤ ਸਿੰਘ ਪੰਜਵੜ ਦੇ ਕਾਤਲਾਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਸਜ਼ਾ ਦੇਵੇ। ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਪੰਥ ਦੇ ਦੁਸ਼ਮਣਾਂ ਨੇ ਪਿਛਲੇ ਵਰ੍ਹੇ 6 ਮਈ ਨੂੰ ਲਾਹੌਰ ਦੇ ਪਾਰਕ ਵਿਚ ਪੰਜਵੜ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਰਹੱਦ ਪਾਰ ਹੋਏ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਹੈ। ਉਧਰ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੁਲਕ ਵਿਚ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵੱਡੀ ਗਿਣਤੀ ਸਿੱਖਾਂ ਦਾ ਕੈਨੇਡਾ ਵਿਚ ਹੋਣਾ ਦੇਸ਼ ਲਈ ਫ਼ਖ਼ਰ ਵਾਲੀ ਗੱਲ ਹੈ। ਸਰਕਾਰ ਵੱਲੋਂ ਸਿੱਖ ਆਰਟ ਗੈਲਰੀ ਉੱਤੇ ਕੀਤਾ ਜਾਣ ਵਾਲਾ ਨਿਵੇਸ਼ ਸਿੱਖਾਂ ਵੱਲੋਂ ਕੈਨੇਡਾ ਨੂੰ ਮਜ਼ਬੂਤ, ਖ਼ੁਸ਼ਹਾਲ ਤੇ ਅਨੇਕਤਾ 'ਚ ਏਕਤਾ ਵਾਲਾ ਬਣਾਉਣ ਵਿਚ ਪਾਏ ਯੋਗਦਾਨ ਨੂੰ ਉਭਾਰਨ ਦਾ ਨਿੱਕਾ ਜਿਹਾ ਯਤਨ ਹੈ। ਪ੍ਰਧਾਨ ਮੰਤਰੀ ਦਫਤਰ ਵੱਲੋਂ ਜਾਰੀ ਪੱਤਰ ਵਿਚ ਕਿਹਾ ਗਿਆ ਕਿ ਸਿੱਖ ਵਿਰਸੇ ਦੀ ਸੰਭਾਲ ਲਈ ਓਂਟਾਰੀਓ ਵਿਚਲੇ ਰੌਇਲ ਅਜਾਇਬ ਘਰ ਵਿਚ ਵਿਸ਼ਵ ਸਿੱਖ ਕਲਾ ਤੇ ਸਭਿਆਚਾਰ ਗੈਲਰੀ (ਗਲੋਬਲ ਸਿੱਖ ਆਰਟ ਐਂਡ ਕਲਚਰ ਗੈਲਰੀ) ਦੀ ਸਥਾਪਨਾ ਲਈ 60 ਲੱਖ ਡਾਲਰ ਦੀ ਵਿਵਸਥਾ ਕੀਤੀ ਗਈ ਹੈ ਜਿਸ ਲਈ ਸਿੱਖ ਆਰਟ ਐਂਡ ਕਲਚਰ ਫਾਊਂਡੇਸ਼ਨ ਦੀ ਅਗਵਾਈ ਤੇ ਸਹਿਯੋਗ ਲਿਆ ਜਾਵੇਗਾ। ਬ੍ਰਿਟਿਸ਼ ਕੋਲੰਬੀਆ ਦੀ ਇੰਡਸ ਮੀਡੀਆ ਫਾਊਂਡੇਸ਼ਨ ਨੂੰ 18 ਲੱਖ ਡਾਲਰ ਦੀ ਮਦਦ ਦੇ ਕੇ ਪਹਿਲੀ ਤੇ ਦੂਜੀ ਆਲਮੀ ਜੰਗ ਵਿਚ ਕੈਨੇਡੀਅਨ ਤੇ ਸਿੱਖ ਸੂਰਬੀਰ ਫੌਜੀਆਂ ਦੇ ਜਾਂਬਾਜ਼ ਕਾਰਨਾਮਿਆਂ ਤੇ ਬਹਾਦਰੀ ਨਾਲ ਜੂਝਣ ਬਾਰੇ ਫਿਲਮ ਬਣਾਈ ਜਾਏਗੀ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਪੁਰਖਿਆਂ ਬਾਰੇ ਜਾਨਣ ਅਤੇ ਉਨ੍ਹਾਂ ਉੱਤੇ ਫਖਰ ਮਹਿਸੂਸ ਕਰ ਸਕਣ। ਟਰੂਡੋ ਨੇ ਕਿਹਾ ਕਿ ਕੈਨੇਡੀਅਨ ਸਿੱਖਾਂ ਦੀ ਕਹਾਣੀ ਅਤੇ ਕੈਨੇਡਾ ਦੀ ਕਹਾਣੀ ਵਿਚ ਇੰਨੀ ਇਕਸਾਰਤਾ ਹੈ ਕਿ ਦੋਹਾਂ ਦਾ ਨਿਖੇੜਾ ਨਹੀਂ ਕੀਤਾ ਜਾ ਸਕਦਾ।

## ਲੋਕ ਸਭਾ ਚੋਣਾਂ: ਵੱਡੇ ਸਿਆਸੀ ਆਗੂਆਂ ਨੇ ਚੋਣ ਪ੍ਰਚਾਰ ਤੋਂ ਬਣਾਈ ਦੂਰੀ

ਚੰਡੀਗੜ੍ਹ, (ਸ਼.ਪ.)-ਇਸ ਵਾਰ ਲੋਕ ਸਭਾ ਚੋਣਾਂ ਵਿਚ ਮਾਲਵੇ ਦੇ ਵੱਡੇ ਸਿਆਸੀ ਆਗੂ ਚੋਣ ਪ੍ਰਚਾਰ ਤੋਂ ਦੂਰ ਹਨ ਅਤੇ ਉਹ ਚੋਣਾਂ ਵੀ ਨਹੀਂ ਲੜ ਰਹੇ ਹਨ। ਪੰਜਾਬ ਦੀ ਸਿਆਸਤ ਵਿਚ ਛਾਏ ਰਹਿਣ ਵਾਲੇ ਜਗਮੀਤ ਸਿੰਘ ਬਰਾੜ ਹੁਣ ਤੱਕ ਦੀਆਂ ਚੋਣ ਸਰਗਰਮੀਆਂ ਵਿਚ ਕਿਧਰੇ ਨਜ਼ਰ ਨਹੀਂ ਆਏ। ਇਸੇ ਤਰ੍ਹਾਂ ਉਨ੍ਹਾਂ ਦਾ ਭਰਾ ਰਿਪਜੀਤ ਸਿੰਘ ਬਰਾੜ ਚੋਣ ਸਰਗਰਮੀਆਂ ਤੋਂ ਪਾਸੇ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਪਰਿਵਾਰਕ ਮੈਂਬਰ ਵੀ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਕਿਧਰੇ ਨਜ਼ਰ ਨਹੀਂ ਆ ਰਹੇ। ਮਨਪ੍ਰੀਤ ਸਿੰਘ ਬਾਦਲ ਨੂੰ ਇਸ ਵਾਰ ਭਾਜਪਾ ਨੇ ਆਪਣਾ ਉਮੀਦਵਾਰ ਨਹੀਂ ਬਣਾਇਆ ਅਤੇ ਉਹ ਬਠਿੰਡਾ ਛੱਡ ਕੇ ਆਪਣੇ ਜੱਦੀ ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿਚ ਵਾਪਸ ਚਲੇ ਗਏ ਹਨ ਪਰ ਕਿਸੇ ਧਿਰ ਲਈ ਚੋਣ ਪ੍ਰਚਾਰ ਨਹੀਂ ਕਰ ਰਹੇ। ਮਾਲਵੇ ਵਿਚ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਸਟਾਰ ਪ੍ਰਚਾਰਕ ਵਜੋਂ ਵੱਡੀ ਮੰਗ ਰਹੀ ਹੈ ਪਰ ਮਾਲਵੇ ਦੇ ਕਿਸੇ ਵੀ ਭਾਜਪਾ ਉਮੀਦਵਾਰ ਨੇ ਅਜੇ ਤੱਕ ਅਮਰਿੰਦਰ ਸਿੰਘ ਨੂੰ ਚੋਣ ਪ੍ਰਚਾਰ ਲਈ ਸੱਦਾ ਨਹੀਂ ਦਿੱਤਾ।

ਨਵਜੋਤ ਸਿੰਘ ਸਿੱਧੂ ਵੀ ਮਾਲਵੇ ਵਿਚ ਸਟਾਰ ਪ੍ਰਚਾਰਕ ਵਜੋਂ ਵਿਚਰਦੇ ਰਹੇ ਹਨ ਪਰ ਉਨ੍ਹਾਂ ਨੇ ਇਨ੍ਹਾਂ ਚੋਣਾਂ ਦੌਰਾਨ ਮਾਲਵੇ ਜਾਂ ਪੰਜਾਬ ਵਿਚ ਇਕ ਵੀਚੋਣ ਰੈਲੀ ਨਹੀਂ ਕੀਤੀ। ਸੂਤਰਾਂ ਅਨੁਸਾਰ ਕਾਂਗਰਸ, ਆਮ ਆਦਮੀ ਪਾਰਟੀ, ਭਾਜਪਾ ਅਤੇ ਅਕਾਲੀ ਦਲ ਨੇ ਅਜੇ ਤੱਕ ਆਪਣੇ ਸਟਾਰ ਪ੍ਰਚਾਰਕਾਂ ਦੀ ਕੋਈ ਸੂਚੀ ਵੀ ਜਾਰੀ ਨਹੀਂ ਕੀਤੀ ਜਦੋਂ ਕਿ ਹਰ ਚੋਣਾਂ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਅਜਿਹਾ ਕਰਦੀਆਂ ਰਹੀਆਂ ਹਨ। ਦਲ ਬਦਲੀ ਦੀ ਮੁਹਿੰਮ ਕਾਰਨ ਸਾਰੀਆਂ ਪਾਰਟੀਆਂ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕਰਨ ਤੋਂ ਟਾਲਾ ਵੱਟ ਰਹੀਆਂ ਹਨ। ਮੁਹੰਮਦ ਸਦੀਕ ਵੀ ਕਾਂਗਰਸੀ ਉਮੀਦਵਾਰਾਂ ਲਈ ਕਿਸੇ ਵੀ ਹਲਕੇ ਵਿਚ ਚੋਣ ਪ੍ਰਚਾਰ ਨਹੀਂ ਕਰ ਰਹੇ। ਜੈਤੋ ਦੇ ਸਾਬਕਾ ਵਿਧਾਇਕ ਮਾਸਟਰ ਬਲਦੇਵ ਸਿੰਘ ਤਖਾਣਬੱਧ ਚੋਣ ਬੁਖਾਰ ਸਿਖਰ 'ਤੇ ਹੋਣ ਦੇ ਬਾਵਜੂਦ ਚੋਣ ਪ੍ਰਚਾਰ ਤੋਂ ਦੂਰ ਹਨ।


ਸੰਪਾਦਕ-ਹਰਬਖ਼ਸ਼ ਸਿੰਘ ਟਾਹਲੀ

ਸ਼ਾਨੇ ਪੰਜਾਬ

PUNJABI WEEKLY NEWS PAPER USA

XVIII, Issue 30, Date 14 Nov. 2019, Ph.: 516-924-5228, Fax: 347-230-5900, WebSite: www.shanepunjabusa.com, E-mail: shaanepunjabusa@gmail.com

**Publisher :** SHANE PUNJAB USA
**Chief Editor :** Harbax Singh Tahli (516-924-5228)
**Pattron:** Himmat Singh Sarpanch 917-553-5036
**Photojournalist :** Baldev Singh (B.J.)
**Cultural Reporter:** Giyani Surjit Singh
**Reporter:** Raj Gogna (732-485-3632)
**Distributor :** Harbhajan Singh
**Hoshiarpur:** Harjinder Singh Multani
**India Office Incharge :** Sanjay Kumar Sharma Mob.7889164343

## ਸ਼ਾਨੇ ਪੰਜਾਬ ਦੇ ਆਨਰੇਰੀ ਸਲਾਹਕਾਰ ਅਤੇ ਸਪੋਰਟਰ

- ਰਘਬੀਰ ਸਿੰਘ ਸੁਭਾਨਪੁਰ
- ਹਿੰਮਤ ਸਿੰਘ ਸਰਪੰਚ
- ਹਰਦੀਪ ਸਿੰਘ ਗੋਲਡੀ
- ਮਹਿੰਦਰ ਸਿੰਘ ਮਹਿਮਦਪੁਰ
- ਮਨਜੀਤ ਸਿੰਘ ਦਸੂਹਾ
- ਪ੍ਰੀਤਮ ਸਿੰਘ ਗਿਲਜੀਆਂ
- ਰਣਜੀਤ ਸਿੰਘ ਮਹਿਮਦਪੁਰ
- ਬਜਿੰਦਰ ਸਿੰਘ ਮੁਲਤਾਨੀ
- ਸਤਵਿੰਦਰ ਸਿੰਘ ਮੁਲਤਾਨੀ
- ਅਮਰੀਕ ਸਿੰਘ ਮੌਰਥਲੀ
- ਸਤਿਨਾਮ ਸਿੰਘ ਸੱਤਾ
- ਦਿਲਬਾਗ ਸਿੰਘ
- ਭੁਪਿੰਦਰ ਸਿੰਘ ਮੁਲਤਾਨੀ

114-11-101 Richmond Hill Ny-11419, Jalandhar Office 181-5128531, Mob. 7889164343


## ਸਿੰਗਾਪੁਰ ਨੇਵੀ ਦੇ ਜਵਾਨਾਂ ਅਤੇ ਭਾਰਤੀ ਹਾਈ ਕਮਿਸ਼ਨਰ ਨੇ ਕੀਤਾ ਸਵਾਗਤ

ਸਿੰਗਾਪੁਰ, (ਸ਼.ਪ.)-ਭਾਰਤੀ ਜਲ ਸੈਨਾ ਨੇ ਦੱਖਣੀ ਚੀਨ ਸਾਗਰ 'ਚ ਜੰਗੀ ਬੇੜੇ ਤਾਇਨਾਤ ਕਰਨ ਦਾ ਐਲਾਨ ਕੀਤਾ ਹੈ। ਇਸ ਤਹਿਤ ਭਾਰਤੀ ਜਲ ਸੈਨਾ ਦੇ ਤਿੰਨ ਜਹਾਜ ਦੱਖਣੀ ਚੀਨ ਸਾਗਰ 'ਚ ਜਲ ਸੈਨਾ ਦੀ ਈਸਟਰਨ ਫਲੀਟ ਦੀ ਅਪਰੇਸ਼ਨਲ ਤਾਇਨਾਤੀ ਦੇ ਹਿੱਸੇ ਵਜੋਂ ਸਿੰਗਾਪੁਰ ਪਹੁੰਚ ਗਏ ਹਨ, ਜਿਹੜੇ ਦੋਵਾਂ ਫੌਜਾਂ ਵਿਚਾਲੇ ਮਜਬੂਤ ਸਬੰਧਾਂ ਨੂੰ ਉਭਾਰਦੇ ਹਨ। ਭਾਰਤੀ ਜਲ ਸੈਨਾ ਦੇ ਇੱਕ ਤਰਜਮਾਨ ਨੇ ਕਿਹਾ ਕਿ ਰੀਅਰ ਐਡਮਿਰਲ ਰਾਜੇਸ਼ ਧਨਖਾ ਦੀ ਅਗਵਾਈ ਹੇਠ ਭਾਰਤੀ ਜਲ ਸੈਨਾ ਦੇ ਜਹਾਜ ਦਿੱਲੀ, ਸ਼ਕਤੀ ਅਤੇ ਕਿਲਤਾਨ ਸੋਮਵਾਰ ਨੂੰ ਇੱਥੇ ਪਹੁੰਚੇ। ਇਸ ਵਿੱਚ ਕਿਹਾ ਗਿਆ ਕਿ ਦੱਖਣੀ ਚੀਨ ਸਾਗਰ ਵਿੱਚ ਚੀਨ ਵੱਲੋਂ ਆਪਣੇ ਦਬਦਬੇ ਦੇ ਮੁਜਾਹਰੇ ਦਰਮਿਆਨ ਇਹ ਦੌਰਾ ਭਾਰਤੀ ਜਲ ਸੈਨਾ ਦੀ ਈਸਟਰਨ ਫਲੀਟ ਦੀ ਦੱਖਣੀ ਚੀਨ ਸਾਗਰ 'ਚ ਅਪਰੇਸ਼ਨਲ ਤਾਇਨਾਤੀ ਦਾ ਇੱਕ ਹਿੱਸਾ ਹੈ। ਭਾਰਤੀ ਜਲ ਸੈਨਾ ਦੇ ਤਿੰਨਾਂ ਬੇੜਿਆਂ ਦਾ ਇੱਥੇ ਸਿੰਗਾਪੁਰ ਨੇਵੀ ਦੇ ਜਵਾਨਾਂ ਅਤੇ ਸਿੰਗਾਪੁਰ 'ਚ ਭਾਰਤ ਦੇ ਹਾਈ ਕਮਿਸ਼ਨਰ ਨੇ ਸਵਾਗਤ ਕੀਤਾ।

## ਬੋਇੰਗ ਦੇ ਸਟਾਰਲਾਈਨਰ ਪੁਲਾੜ ਜਹਾਜ ਰਾਹੀਂ ਪਾਇਲਟ ਵਜੋਂ ਭਰੇਗੀ ਉਡਾਣ



ਨਵੀਂ ਦਿੱਲੀ, (ਸ਼.ਪ.)-ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ 58 ਸਾਲ ਦੀ ਉਮਰ 'ਚ ਭਲਕੇ 7 ਮਈ ਨੂੰ ਬਤੌਰ ਪਾਇਲਟ ਤੀਜੀ ਵਾਰ ਪੁਲਾੜ ਦੀ ਉਡਾਣ ਭਰਨ ਲਈ ਤਿਆਰ ਹੈ। ਉਹ ਬੋਇੰਗ ਦੇ ਸਟਾਰਲਾਈਨਰ ਪੁਲਾੜ ਜਹਾਜ ਰਾਹੀਂ ਉਡਾਣ ਭਰੇਗੀ ਜਿਸ ਨੂੰ ਫਲੋਰਿਡਾ 'ਚ ਕੇਪ ਕੈਨਵਰਲ ਦੇ ਕੌਮਾਂਤਰੀ ਪੁਲਾੜ ਸਟੇਸ਼ਨ ਤੋਂ ਛੱਡਿਆ ਜਾਵੇਗਾ। ਸਟਾਰਲਾਈਨਰ ਵਿਲੀਅਮਜ ਤੇ ਬੁਚ ਵਿਲਮੋਰ ਨੂੰ ਕੌਮਾਂਤਰੀ ਪੁਲਾੜ ਕੇਂਦਰ ਲਿਜਾਵੇਗਾ ਜੋ ਸੰਕਟ 'ਚ ਫਸੇ ਬੋਇੰਗ ਪ੍ਰੋਗਰਾਮ ਲਈ ਇੱਕ ਅਹਿਮ ਤੇ ਲੰਮੇ ਸਮੇਂ ਤੋਂ ਉਡੀਕੀ ਜਾ ਰਹੀ ਕਾਮਯਾਬੀ ਹੋ ਸਕਦੀ ਹੈ। ਕੌਮਾਂਤਰੀ ਜਹਾਜ ਅੱਜ ਸਥਾਨਕ ਸਮੇਂ ਅਨੁਸਾਰ ਰਾਤ 10:34 ਵਜੇ (ਕੌਮਾਂਤਰੀ ਸਮੇਂ ਅਨੁਸਾਰ 7 ਮਈ ਨੂੰ ਸਵੇਰੇ 8.04 ਵਜੇ) ਰਵਾਨਾ ਹੋਵੇਗਾ। ਬੀਬੀਸੀ ਨੇ ਵਿਲੀਅਮਜ ਦੇ ਹਵਾਲੇ ਨਾਲ ਕਿਹਾ, 'ਅਸੀਂ ਸਾਰੇ ਇੱਥੇ ਹਾਂ ਕਿਉਂਕਿ ਅਸੀਂ ਸਾਰੇ ਤਿਆਰ ਹਾਂ। ਸਾਡੇ ਦੋਸਤਾਂ ਨੇ ਇਸ ਬਾਰੇ ਸੁਣਿਆ ਹੈ ਅਤੇ ਅਸੀਂ ਇਸ ਬਾਰੇ ਗੱਲ ਕੀਤੀ ਹੈ। ਉਹ ਖੁਸ਼ੀ ਤੇ ਮਾਣ ਮਹਿਸੂਸ ਕਰ ਰਹੇ ਹਨ ਕਿ ਅਸੀਂ ਇਸ ਪ੍ਰਕਿਰਿਆ ਦਾ ਹਿੱਸਾ ਹਾਂ।' ਪੁਲਾੜ ਜਹਾਜ ਦੇ ਵਿਕਾਸ 'ਚ ਕਈ ਰੁਕਾਵਟਾਂ ਕਾਰਨ ਇਸ ਮੁਹਿੰਮ 'ਚ ਕਈ ਸਾਲਾਂ ਦੀ ਦੇਰੀ ਹੋਈ ਹੈ। ਅਸੀਂ ਜੇਕਰ ਕਾਮਯਾਬ ਹੋ ਜਾਂਦੇ ਹਾਂ ਤਾਂ ਐਲਨ ਮਸਕ ਦੀ 'ਸਪੇਸਐਕਸ' ਦੇ ਨਾਲ ਇਹ ਦੂਜੀ ਨਿੱਜੀ ਕੰਪਨੀ ਬਣ ਜਾਵੇਗੀ ਜੋ ਚਾਲਕ ਟੀਮ ਨੂੰ ਕੌਮਾਂਤਰੀ ਪੁਲਾੜ ਕੇਂਦਰ ਤੱਕ ਲਿਜਾਣ ਤੇ ਵਾਪਸ ਲਿਆਉਣ 'ਚ ਸਮਰੱਥ ਹੋਵੇਗੀ। ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਪ੍ਰਸਾਸਕ ਬਿੱਲ ਨੇਲਸਨ ਨੇ 22 ਮਾਰਚ ਨੂੰ ਇੱਕ ਪੱਤਰਕਾਰ ਸੰਮੇਲਨ ਦੌਰਾਨ ਸਟਾਰਲਾਈਨਰ ਦੀ ਅਗਲੀ ਮੁਹਿੰਮ ਬਾਰੇ ਕਿਹਾ ਸੀ, 'ਇਤਿਹਾਸ ਬਣਨ ਜਾ ਰਿਹਾ ਹੈ।

## ਚੰਡੀਗੜ੍ਹ-ਮੁਹਾਲੀ ਸੜਕ ਤੋਂ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਸਬੰਧੀ ਹੁਕਮਾਂ 'ਤੇ ਰੋਕ

ਚਡੀਗੜ੍ਹ, (ਸ਼.ਪ.)-ਮੁਹਾਲੀ ਸੜਕ 'ਤੇ ਬੈਠੇ ਪ੍ਰਦਰਸ਼ਨਕਾਰੀਆਂ ਦੇ ਸਮੂਹ ਨੂੰ ਹਟਾ ਕੇ ਸੜਕ ਖਾਲੀ ਕਰਵਾਉਣ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉਤੇ ਰੋਕ ਲਗਾ ਦਿੱਤੀ ਹੈ। ਜਸਟਿਸ ਬੀ.ਆਰ. ਗਵਈ, ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਜਸਟਿਸ ਸੰਦੀਪ ਮਹਿਤਾ ਦੇ ਇਕ ਬੈਂਚ ਨੇ ਪੰਜਾਬ ਸਰਕਾਰ ਦੀ ਇਕ ਅਰਜ਼ੀ 'ਤੇ ਨੋਟਿਸ ਜਾਰੀ ਕਰਦਿਆਂ ਇਸ ਸਬੰਧੀ ਅਰਜ਼ੀ ਦਾਇਰ ਕਰਨ ਵਾਲੀ ਇਕ ਗੈਰ-ਸਰਕਾਰੀ ਸੰਸਥਾ, ਕੇਂਦਰ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੇ ਹੋਰਨਾਂ ਕੋਲੋਂ ਜਵਾਬ ਮੰਗਿਆ ਹੈ। ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਕੇਂਦਰ ਵੱਲੋਂ ਪੰਜਾਬ ਸਰਕਾਰ ਦੇ ਸਟੈਂਡ ਦਾ ਸਮਰਥਨ ਕੀਤਾ ਜਾ ਰਿਹਾ ਹੈ। ਮਹਿਤਾ ਨੇ ਕਿਹਾ, ''ਭ੍ਰਿਸ਼ਟਾਚਾਰ ਦੀ ਗੱਲ ਛੱਡ ਕੇ, ਸੰਘਵਾਦ ਦੀ ਹਮੇਸ਼ਾ ਰੱਖਿਆ ਕੀਤੀ ਜਾਂਦੀ ਹੈ। ਕੋਵਿਡ ਦੇ ਸਮੇਂ ਹਰੇਕ ਸੂਬੇ ਤੇ ਕੇਂਦਰ ਨੇ ਮਿਲ ਕੇ ਕੰਮ ਕੀਤਾ।'' ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਕਿਹਾ ਕਿ ਹਾਈ ਕੋਰਟ ਦੇ ਹੁਕਮਾਂ 'ਤੇ ਰੋਕ ਲਗਾਈ ਜਾਵੇ। ਕਈ ਜਨਹਿੱਤ ਪਟੀਸ਼ਨਾਂ 'ਤੇ 9 ਅਪਰੈਲ ਨੂੰ ਜਾਰੀ ਕੀਤੇ ਗਏ ਆਪਣੇ ਹੁਕਮਾਂ ਵਿਚ ਹਾਈ ਕੋਰਟ ਨੇ ਕਿਹਾ ਸੀ ਕਿ ਵਾਰ-ਵਾਰ ਮੌਕੇ ਦਿੱਤੇ ਜਾਣ ਦੇ ਬਾਵਜੂਦ ਨਾ ਤਾਂ ਪੰਜਾਬ ਸਰਕਾਰ ਅਤੇ ਨਾ ਹੀ ਚੰਡੀਗੜ੍ਹ ਪ੍ਰਸ਼ਾਸਨ, ਐਸ.ਏ.ਐਸ. ਨਗਰ (ਮੁਹਾਲੀ) ਅਤੇ ਚੰਡੀਗੜ੍ਹ ਦੇ ਯਾਤਰੀਆਂ ਦੀ ਸਮੱਸਿਆ ਦਾ ਕੋਈ ਹੱਲ ਕਰ ਸਕਿਆ। ਇਸ ਵਿਚ ਕਿਹਾ ਗਿਆ ਸੀ, ''ਮੁੱਠੀ ਭਰ ਲੋਕਾਂ ਦੇ ਸੜਕ ਵਿਚਾਲੇ ਬੈਠਣ ਕਰ ਕੇ ਯਾਤਰੀਆਂ ਅਤੇ ਟਰਾਈਸਿਟੀ ਦੇ ਵਸਨੀਕਾਂ ਨੂੰ ਅਸੁਵਿਧਾ ਹੋ ਰਹੀ ਹੈ ਅਤੇ ਪਰੇਸ਼ਾਨੀ ਜਾਰੀ ਹੈ।''

ਹਾਈ ਕੋਰਟ ਨੇ ਇਸ ਗੱਲ ਦਾ ਨੋਟਿਸ ਲਿਆ ਸੀ ਕਿ ਇਸ ਮਾਮਲੇ ਵਿਚ ਪਿਛਲੇ ਸਾਲ 9 ਅਕਤੂਬਰ ਨੂੰ ਕੇਂਦਰ ਨੂੰ ਵੀ ਧਿਰ ਬਣਾਇਆ ਗਿਆ ਸੀ। ਗੌਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਕਰੀਬ ਇਕ ਸਾਲ ਪਹਿਲਾਂ ਇਸ ਮਾਮਲੇ ਵਿਚ ਪੰਜਾਬ ਦੇ ਡੀ.ਜੀ.ਪੀ. ਨੂੰ ਵੀ ਤਲਬ ਕੀਤਾ ਗਿਆ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਰਿਕਾਰਡ 'ਚ ਲਿਆਂਦੀਆਂ ਗਈਆਂ ਤਸਵੀਰਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਉੱਥੇ ਕੋਈ ਵੱਡੀ ਇਕੱਤਰਤਾ ਨਹੀਂ ਹੈ।

# ਪੰਜਾਬ ਤੇ ਚੰਡੀਗੜ੍ਹ ’ਚ 9 ਤੋਂ 12 ਮਈ ਤਕ ਮੀਂਹ ਪੈਣ ਦੀ ਪੇਸ਼ੀਨਗੋਈ



ਚੰਡੀਗੜ੍ਹ/ਜਲੰਧਰ, ਉੱਤਰ-ਪੱਛਮੀ ਭਾਰਤ ਵਿੱਚ ਇਸ ਹਫਤੇ ਦੇ ਅੰਤ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਇਥੋਂ ਦੇ ਕਈ ਹਿੱਸਿਆਂ ਵਿੱਚ ਮੀਂਹ ਪੈਣ ਦੇ ਨਾਲ ਤੇਜ ਹਵਾਵਾਂ ਵੀ ਚੱਲਣਗੀਆਂ। ਉੱਤਰੀ ਪੱਛਮੀ ਭਾਰਤ ਵਿਚ ਪੱਛਮੀ ਗੜਬੜੀ ਕਾਰਨ 9 ਮਈ ਤੋਂ ਮੌਸਮ ਬਦਲੇਗਾ। ਭਾਰਤ ਦੇ ਮੌਸਮ ਵਿਭਾਗ ਵੱਲੋਂ ਜਾਰੀ ਕੀਤੇ ਗਏ ਬੁਲੇਟਿਨ ਅਨੁਸਾਰ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ 9 ਤੋਂ 12 ਮਈ ਤੱਕ ਹਲਕੇ ਤੋਂ ਦਰਮਿਆਨਾ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਇਸ ਸਮੇਂ ਦੌਰਾਨ ਜੰਮੂ, ਕਸਮੀਰ, ਲੱਦਾਖ ਅਤੇ ਹਿਮਾਚਲ ਪ੍ਰਦੇਸ ਵਿੱਚ 30-40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਹਵਾਵਾਂ ਚੱਲਣਗੀਆਂ ਤੇ ਤੇਜ ਮੀਂਹ ਵੀ ਪੈ ਸਕਦਾ ਹੈ।

ਪੰਜਾਬ ਵਿਚ ਪਿਛਲੇ 24 ਘੰਟਿਆਂ ਦੌਰਾਨ ਵੱਧ ਤੋਂ ਵੱਧ ਤਾਪਮਾਨ ਸਮਰਾਲਾ ਵਿਚ 40.9 ਡਿਗਰੀ ਸੈਲਸੀਅਸ ਤੇ ਗੁਰਦਾਸਪੁਰ ਵਿਚ 36 ਡਿਗਰੀ ਸੈਲਸੀਅਸ ਦਰਮਿਆਨ ਦਰਜ ਕੀਤਾ ਗਿਆ ਜੋ ਕੁਝ ਥਾਵਾਂ ’ਤੇ ਆਮ ਨਾਲੋਂ ਦੋ ਡਿਗਰੀ ਵੱਧ ਸੀ।

ਇਸ ਤੋਂ ਇਲਾਵਾ ਜਲੰਧਰ ਖੇਤਰ ਵਿਚ ਅੱਜ ਲੂ ਚੱਲੀ ਤੇ ਤਾਪਮਾਨ 41 ਡਿਗਰੀ ਤੱਕ ਪੁੱਜ ਗਿਆ ਜਿਸ ਕਾਰਨ ਲੋਕਾਂ ਦੇ ਜਨਜੀਵਨ ’ਤੇ ਕਾਫੀ ਅਸਰ ਪਿਆ। ਗਰਮੀ ਜਿਆਦਾ ਹੋਣ ਕਾਰਨ ਬਾਜਾਰਾਂ ਵਿਚ ਘੱਟ ਹੀ ਗਾਹਕ ਆਏ। ਇਸ ਤੋਂ ਇਲਾਵਾ ਉਮੀਦਵਾਰਾਂ ਦੇ ਸਮਰਥਕ ਵੀ ਗਰਮੀ ਕਾਰਨ ਦਿਨ ਦੀ ਥਾਂ ਅੱਜ ਸ਼ਾਮ ਨੂੰ ਪ੍ਰਚਾਰ ਕਰਦੇ ਦੇਖੇ ਗਏ। ਇਸ ਤੋਂ ਇਲਾਵਾ ਲੋਕ ਘਰਾਂ ਤੋਂ ਘੱਟ ਹੀ ਨਿਕਲੇ। ਡਾਕਟਰਾਂ ਨੇ ਬੱਚਿਆਂ ਅਤੇ ਬਜੁਰਗਾਂ ਨੂੰ ਇਸ ਲੂ ਤੋਂ ਬਚਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਗਰਮੀ ਵਧਣ ਕਾਰਨ ਜਿਆਦਾ ਪਾਣੀ ਪੀਣਾ ਚਾਹੀਦਾ ਹੈ ਤੇ ਘਰ ਤੋਂ ਨਿਕਲਣ ਤੋਂ ਪਹਿਲਾਂ ਪਾਣੀ ਜਰੂਰ ਪੀਤਾ ਜਾਵੇ। ਇਸ ਤੋਂ ਇਲਾਵਾ ਸੂਤੀ ਅਤੇ ਖੁੱਲ੍ਹੇ ਕੱਪੜੇ ਪਾਏ ਜਾਣ ਤੇ ਖਰਬੂਜਾ ਅਤੇ ਤਰਬੂਜ ਦਾ ਸੇਵਨ ਕੀਤਾ ਜਾਵੇ। ਡਾਕਟਰਾਂ ਦਾ ਕਹਿਣਾ ਹੈ ਕਿ ਫਾਸਟ ਫੂਡ ਤੇ ਤੇਲ ਵਾਲੀਆਂ ਚੀਜਾਂ ਦਾ ਘੱਟ ਸੇਵਨ ਕੀਤਾ ਜਾਵੇ। ਇਸ ਤੋਂ ਇਲਾਵਾ ਕਿਸਾਨ ਵੀ ਕਣਕ ਦੀ ਵਾਢੀ ਲਈ ਹੁਣ ਸਵੇਰ ਜਾਂ ਸ਼ਾਮ ਦੇ ਸਮੇਂ ਨੂੰ ਤਰਜੀਹ ਦੇ ਰਹੇ ਹਨ।

## ਜੀਐੱਸਟੀ ਐਕਟ ਦੇ ਵੱਖ-ਵੱਖ ਪ੍ਰਬੰਧਾਂ ਦੀ ਘੋਖ ਕਰ ਰਹੀ ਹੈ ਸਿਖਰਲੀ ਅਦਾਲਤ

ਨਵੀਂ ਦਿੱਲੀ, (ਸ਼.ਪ.)-ਸੁਪਰੀਮ ਕੋਰਟ ਨੇ ਵਸਤਾਂ ਤੇ ਸੇਵਾ ਕਰ (ਜੀਐੱਸਟੀ) ਦੀ ਵਸੂਲੀ ਲਈ ਕੇਂਦਰ ਸਰਕਾਰ ਨੂੰ ਕਾਰੋਬਾਰੀਆਂ ਖਿਲਾਫ ਤਲਾਸ਼ੀ ਤੇ ਜਬਤੀ ਮੁਹਿੰਮਾਂ ਦੌਰਾਨ ‘ਧਮਕੀ ਤੇ ਜੋਰ-ਜਬਰਦਸਤੀ’ ਦਾ ਇਸਤੇਮਾਲ ਨਾ ਕਰਨ ਦਾ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਕਾਰੋਬਾਰੀਆਂ ਨੂੰ ਸਵੈ-ਇੱਛਾ ਅਨੁਸਾਰ ਬਕਾਇਆ ਦੇਣ ਲਈ ਮਨਾਇਆ ਜਾਵੇ।



ਜਸਟਿਸ ਸੰਜੀਵ ਖੰਨਾ, ਜਸਟਿਸ ਐੱਮ.ਐੱਮ. ਸੁੰਦਰੇਸ਼ ਅਤੇ ਜਸਟਿਸ ਬੇਲਾ ਐੱਮ ਤ੍ਰਿਵੇਦੀ ਦੇ ਬੈਂਚ ਨੇ ਕਿਹਾ ਕਿ ਜੀਐੱਸਟੀ ਕਾਨੂੰਨ ਤਹਿਤ ਅਜਿਹਾ ਕੋਈ ਪ੍ਰਬੰਧ ਨਹੀਂ ਹੈ ਜੋ ਕਿ ਅਧਿਕਾਰੀਆਂ ਨੂੰ ਬਕਾਇਆ ਰਾਸ਼ੀ ਦੇ ਭੁਗਤਾਨ ਲਈ ਤਾਕਤ ਦੇ ਇਸਤੇਮਾਲ ਦਾ ਅਧਿਕਾਰ ਦਿੰਦਾ ਹੋਵੇ। ਸਿਖਰਲੀ ਅਦਾਲਤ ਦਾ ਇਹ ਬੈਂਚ ਜੀਐੱਸਟੀ ਐਕਟ ਦੇ ਵੱਖ-ਵੱਖ ਪ੍ਰਬੰਧਾਂ ਦਾ ਪਰੀਖਣ ਕਰ ਰਿਹਾ ਹੈ। ਬੈਂਚ ਨੇ ਕਿਹਾ, “ਤਲਾਸ਼ੀ ਤੇ ਜਬਤੀ ਦੌਰਾਨ ਕਿਸੇ ਵੀ ਵਿਅਕਤੀ ਨੂੰ ਟੈਕਸ ਦੀ ਦੇਣਦਾਰੀ ਦਾ ਭੁਗਤਾਨ ਕਰਨ ਲਈ ਮਜਬੂਰ ਕਰਨ ਦੀ ਇਸ ਐਕਟ ਤਹਿਤ ਕੋਈ ਸ਼ਕਤੀ ਨਹੀਂ ਹੈ। ਆਪਣੇ ਵਿਭਾਗ ਨੂੰ ਕਹੋ ਕਿ ਭੁਗਤਾਨ ਸਵੈ-ਇੱਛਾ ਨਾਲ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਤਾਕਤ ਦਾ ਇਸਤੇਮਾਲ ਨਹੀਂ ਹੋਣਾ ਚਾਹੀਦਾ। ਤੁਹਾਨੂੰ ਕਥਿਤ ਅਪਰਾਧੀ ਨੂੰ ਸੋਚਣ-ਸਮਝਣ, ਸਲਾਹ ਲੈਣ ਅਤੇ ਦੇਣਦਾਰੀ ਪੂਰੀ ਕਰਨ ਲਈ ਤਿੰਨ-ਚਾਰ ਦਿਨਾਂ ਦਾ ਸਮਾਂ ਦੇਣਾ ਹੋਵੇਗਾ। ਇਹ ਸਵੈ-ਇੱਛਾ ਹੋਣੀ ਚਾਹੀਦੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਜਬਰੀ ਕਾਰਵਾਈ ਦਾ ਇਸਤੇਮਾਲ ਨਹੀਂ ਕੀਤਾ ਜਾਣਾ ਚਾਹੀਦਾ ਹੈ।”

# ਇਨਸਾਫ ਨਾ ਮਿਲਣ ’ਤੇ ਸਰਕਾਰ ਨੂੰ ਘੇਰਨ ਲੱਗੀਆਂ ਵਿਰੋਧੀ ਪਾਰਟੀਆਂ

ਲੁਧਿਆਣਾ, (ਸ਼.ਪ.)-ਮਰਹੂਮ ਪੰਜਾਬੀ ਗਾਇਕ ਤੇ ਕਾਂਗਰਸ ਵੱਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਲੜਨ ਵਾਲੇ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਦਾ ਨਾਮ ਲੋਕ ਸਭਾ ਚੋਣਾਂ ਦੌਰਾਨ ਗੂੰਜ ਰਿਹਾ ਹੈ। ਸਿੱਧੂ ਮੂਸੇਵਾਲਾ ਕਤਲ ਕਾਂਡ ਨੂੰ ਲੈ ਕੇ ਵਿਰੋਧੀ ਧਿਰਾਂ ਸਰਕਾਰ ਨੂੰ ਘੇਰ ਰਹੀਆਂ ਹਨ। ਸਿੱਧੂ ਮੂਸੇਵਾਲਾ ਪਰਿਵਾਰ ਦੇ ਨਜ਼ਦੀਕੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤਾਂ ਲੁਧਿਆਣਾ ਦੇ ਨਾਲ ਨਾਲ ਜਿੱਥੇ ਵੀ ਚੋਣ ਜਲਸਾ ਕਰਦੇ ਹਨ, ਉਹ ਸਿੱਧੂ ਮੂਸੇਵਾਲਾ ਨੂੰ ਯਾਦ ਕਰਦੇ ਹਨ ਤੇ ਸਾਫ਼ ਤੌਰ ’ਤੇ ਦੋਸ਼ ਲਾਉਂਦੇ ਹਨ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ’ਚ ਆਈ ਹੈ ਕਾਨੂੰਨ ਵਿਵਸਥਾ ਨਾਮ ਦੀ ਕੋਈ ਚੀਜ਼ ਨਹੀਂ ਹੈ। ਪੰਜਾਬ ਸਰਕਾਰ ਦੀ ਅਣਗਹਿਲੀ ਕਾਰਨ ਹੀ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ। ਰਾਜਾ ਵੜਿੰਗ ਨੇ ਸਿੱਧੂ ਮੂਸੇਵਾਲਾ ਕਤਲ ਕਾਂਡ ’ਚ ਸਰਕਾਰ ਨੂੰ ਘੇਰਦੇ ਹੋਏ ਨਾਲ ਹੀ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਤੇ ਅਕਾਲੀ ਉਮੀਦਵਾਰ ਰਣਜੀਤ ਸਿੰਘ ਢਿੱਲੋਂ ’ਤੇ ਵੀ ਇਸ ਮੁੱਦੇ ਨੂੰ ਲੈ ਕੇ ਸਰਕਾਰ ਨੂੰ ਘੇਰਨ ਤੋਂ ਪਿੱਛੇ ਹਟਣ ਦੇ ਦੋਸ਼ ਲਾਏ।

ਪੰਜਾਬ ਕਾਂਗਰਸ ਪ੍ਰਧਾਨ ਤੇ ਲੁਧਿਆਣਾ ਲੋਕ ਸਭਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਿਹਾਤੀ ਖੇਤਰਾਂ ਦੇ ਨਾਲ ਨਾਲ ਸ਼ਹਿਰੀ ਇਲਾਕਿਆਂ ’ਚ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਝਾੜੂ ਦੀ ਸਰਕਾਰ ਨੇ ਹੀ ਸਿੱਧੂ ਮੂਸੇਵਾਲਾ ਮਰਵਾ ਦਿੱਤਾ ਹੈ। ਹੁਣ ਉਨ੍ਹਾਂ ਦੇ ਘਰ ਲੜਕਾ ਪੈਦਾ ਹੋਇਆ ਤਾਂ ਸਰਕਾਰ ਨੇ ਪੁਲੀਸ ਭੇਜੀ ਤੇ ਪੁੱਛ-ਪੜਤਾਲ ਕਰਵਾਉਣੀ ਸ਼ੁਰੂ ਕਰ ਦਿੱਤੀ ਕਿ ਲੜਕਾ ਕਿਵੇਂ ਤੇ ਕਿਉਂ ਪੈਦਾ ਹੋਇਆ ਹੈ। ਇਸ ਸਮੇਂ ’ਚ ਕਿਵੇਂ ਬੱਚਾ ਪੈਦਾ ਹੋ ਸਕਦਾ ਹੈ। ਇਸ



ਨਾਲ ਸਰਕਾਰ ਧੱਕੇਸ਼ਾਹੀ ਕਰਨ ਲੱਗ ਗਈ ਹੈ। ਉਹ ਲੋਕਾਂ ਨੂੰ ਆਖ ਰਹੇ ਹਨ ਕਿ ਕੇਂਦਰ ’ਚ ਜੇਕਰ ਕਾਂਗਰਸ ਦੀ ਸਰਕਾਰ ਆਵੇਗੀ ਤਾਂ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ਼ ਜ਼ਰੂਰ ਮਿਲੇਗਾ। ਉਧਰ, ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਵੀ ਸਿੱਧੂ ਮੂਸੇਵਾਲਾ ਕਤਲ ਕਾਂਡ ’ਚ ਸਰਕਾਰ ਅਤੇ ਕਾਂਗਰਸੀਆਂ ਨੂੰ ਘੇਰ ਰਹੇ ਹਨ।

ਉਹ ਆਖ ਰਹੇ ਹਨ ਕਿ ਕਾਂਗਰਸ ਆਗੂਆਂ ਕਾਰਨ ਹੀ ਇਨਸਾਫ਼ ਮਿਲਣ ਵਿਚ ਦੇਰੀ ਹੋ ਰਹੀ ਹੈ। ਬਿੱਟੂ ਆਖਦੇ ਹਨ ਕਿ ਕੇਂਦਰ ’ਚ ਮੋਦੀ ਸਰਕਾਰ ਆਉਣ ’ਤੇ ਚਾਰ ਜੂਨ ਤੋਂ ਬਾਅਦ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਾਹਮਣੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਉਹ ਖ਼ੁਦ ਲੈ ਕੇ ਜਾਣਗੇ ਅਤੇ ਇਨਸਾਫ਼ ਦਿਵਾਉਣਗੇ। ਉਧਰ, ਰਣਜੀਤ ਸਿੰਘ ਢਿੱਲੋਂ ਵੀ ਮਾਨ ਸਰਕਾਰ ਨੂੰ ਇਸ ਮੁੱਦੇ ’ਤੇ ਘੇਰ ਰਹੇ ਹਨ।

# ਤ੍ਰਿਣਮੂਲ ਕਾਂਗਰਸ ਸੁਪਰੀਮੋ ਵੱਲੋਂ ਮੋਦੀ ਸਰਕਾਰ ਦਾ ਘਿਰਾਓ

ਕੋਲਕਾਤਾ, (ਸ਼.ਪ.)-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਸੁਪਰੀਮੋ ਮਮਤਾ ਬੈਨਰਜੀ ਨੇ ਅੱਜ ਇੱਥੇ ਦੋਸ਼ ਲਾਇਆ ਕਿ ਭਾਜਪਾ ਲੋਕਾਂ ਨੂੰ ਪੈਸੇ ਦੇ ਕੇ ਉਨ੍ਹਾਂ ਦੀਆਂ ਵੋਟਾਂ ਖਰੀਦ ਰਹੀ ਹੈ। ਤ੍ਰਿਣਮੂਲ ਕਾਂਗਰਸ ਉਮੀਦਵਾਰ ਮਿਤਾਲੀ ਬਾਗ ਦੇ ਸਮਰਥਨ ’ਚ ਆਰਾਮਬਾਗ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਨੇ ਦੋਸ਼ ਲਾਇਆ ਕਿ ਭਾਜਪਾ ਵੋਟ ਖਰੀਦਣ ਲਈ ਲੋਕਾਂ ਨੂੰ 5000 ਰੁਪਏ, 10,000 ਅਤੇ 15,000 ਰੁਪਏ ਤੱਕ ਦੇ ਰਹੀ ਹੈ। ਉਨ੍ਹਾਂ ਕਿਹਾ, “ਭਾਜਪਾ ਦੇ ਮੌਜੂਦਾ ਆਗੂ ਪੁਰਾਣੇ ਸਮੇਂ ਦੇ ਸੀਪੀਆਈ(ਐੱਮ) ਦੇ ਸਮਾਜ ਵਿਰੋਧੀ ਲੋਕਾਂ ਵਾਂਗ ਹਨ। ਜੇਕਰ ਤੁਸੀਂ ਅਤਿਵਾਦ ਦਾ ਰਾਜ ਕਾਇਮ ਨਹੀਂ ਰੱਖਣਾ ਚਾਹੁੰਦੇ ਤਾਂ ਭਾਜਪਾ ਨੂੰ ਵੋਟ ਦੇਣ ਤੋਂ ਬਚੋ।” ਮਮਤਾ ਨੇ ਕਿਹਾ ਕਿ ਇਹ ਚੋਣਾਂ ਦਿੱਲੀ ਵਿੱਚ ਸੱਤਾ ਸਮੀਕਰਨ ਬਦਲਣ ਲਈ ਹਨ। ਉਨ੍ਹਾਂ ਕਿਹਾ, “ਦਿੱਲੀ ਵਿੱਚ ਇਸ ਸੱਤਾ ਸਮੀਕਰਨ ਨੂੰ ਬਦਲਣਾ ਪਵੇਗਾ ਅਤੇ ਬਦਲਾਅ ਲਿਆਉਣਾ ਪਵੇਗਾ।” ਤ੍ਰਿਣਮੂਲ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਭਾਜਪਾ ਦੀ ਪੱਛਮੀ ਬੰਗਾਲ ਦੇ




ਲੋਕਾਂ ਨੂੰ ਬਦਨਾਮ ਕਰਨ ਦੀ ਆਦਤ ਹੈ। ਉਨ੍ਹਾਂ ਕਿਹਾ, “ਦੇਖੋ, ਉਨ੍ਹਾਂ ਕਿਵੇਂ ਸੰਦੇਸ਼ਖਲੀ ਦੀਆਂ ਮਹਿਲਾਵਾਂ ਨੂੰ ਜਬਰ-ਜਨਾਹ ਦੇ ਝੂਠੇ ਦੋਸ਼ ਲਗਾਉਣ ਲਈ ਪੈਸੇ ਦੇ ਕੇ ਉਨ੍ਹਾਂ ਦਾ ਅਪਮਾਨ ਕੀਤਾ ਹੈ।” ਮਮਤਾ ਨੇ ਭਾਜਪਾ ’ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਵੇਰ ਤੋਂ ਸ਼ਾਮ ਤੱਕ ਝੂਠ ਬੋਲਦੇ ਰਹਿੰਦੇ ਹਨ। ਉਨ੍ਹਾਂ ਕਿਹਾ, “ਭਾਜਪਾ ਸੀਏਏ ਅਤੇ ਐੱਨਆਰਸੀ ਦੀ ਵਰਤੋਂ ਕਰਕੇ ਲੋਕਾਂ ਨੂੰ ਬਾਹਰ ਕੱਢ ਦੇਵੇਗੀ। ਜੇਕਰ ਮੋਦੀ ਮੁੜ ਸੱਤਾ ਵਿੱਚ ਆਉਂਦੇ ਹਨ ਤਾਂ ਘੱਟ ਗਿਣਤੀਆਂ, ਆਦਿਵਾਸੀਆਂ ਅਤੇ ਹੋਰ ਪੱਛੜੇ ਵਰਗਾਂ ਦੇ ਅੱਗੇ ਹੋਂਦ ਦਾ ਸੰਕਟ ਪੈਦਾ ਹੋ ਜਾਵੇਗਾ।”

# ਕੈਨੇਡਾ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਵਚਨਬੱਧ: ਟਰੂਡੋ

ਟੋਰਾਂਟੋ, (ਸ਼.ਪ.)-ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ ਵਿਚ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਮਗਰੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ‘ਕਾਨੂੰਨ ਦੇ ਰਾਜ ਵਾਲਾ ਮੁਲਕ’ ਹੈ, ਜਿਸ ਦਾ ਨਿਆਂ ਪ੍ਰਬੰਧ ਮਜ਼ਬੂਤ ਤੇ ਸੁਤੰਤਰ ਅਤੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਮੌਲਿਕ ਤੌਰ ’ਤੇ ਵਚਨਬੱਧ ਹੈ। ਕੈਨੇਡੀਅਨ ਨਾਗਰਿਕ ਨਿੱਝਰ ਦੀ ਪਿਛਲੇ ਸਾਲ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਇਕ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਕੈਨੇਡੀਅਨ ਪੁਲਿਸ ਨੇ ਐਡਮਿੰਟਨ ਰਹਿੰਦੇ ਭਾਰਤੀ ਨਾਗਰਿਕਾਂ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਤੇ ਕਰਨਪ੍ਰੀਤ ਸਿੰਘ (28) ਨੂੰ ਪਹਿਲਾ ਦਰਜਾ ਕਤਲ ਤੇ ਕਤਲ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਸੀ। ਇਥੇ ਟੋਰਾਂਟੋ ਗਾਲਾ ਵਿਚ ਸਿੱਖ ਵਿਰਾਸਤ ਤੇ ਸਭਿਆਚਾਰ ਦੇ ਜਸ਼ਨਾਂ ਲਈ ਰੱਖੇ ਸਮਾਗਮ ਦੌਰਾਨ ਟਰੂਡੋ ਨੇ ਉਪਰੋਕਤ ਗ੍ਰਿਫ਼ਤਾਰੀਆਂ ਦੇ ਹਵਾਲੇ ਨਾਲ ਕਿਹਾ, ‘’ਇਹ ਬਹੁਤ ਅਹਿਮ ਹੈ ਕਿਉਂਕਿ ਕੈਨੇਡਾ ਕਾਨੂੰਨ ਦੇ ਰਾਜ ਵਾਲਾ ਦੇਸ਼ ਹੈ, ਜਿਸ ਦਾ ਨਿਆਂ ਪ੍ਰਬੰਧ ਮਜ਼ਬੂਤ ਤੇ ਸੁਤੰਤਰ ਹੋਣ ਦੇ ਨਾਲ ਆਪਣੇ ਸਾਰੇ ਨਾਗਰਿਕਾਂ ਦੀ ਸੁਰੱਖਿਆ ਲਈ ਮੌਲਿਕ ਰੂਪ ਵਿਚ ਵਚਨਬੱਧ ਹੈ।” ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਨੇ ਟਰੂਡੋ ਦੇ ਹਵਾਲੇ ਨਾਲ ਕਿਹਾ, ‘’ਜਿਵੇਂ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਕਿਹਾ ਹੈ, ਜਾਂਚ ਦਾ ਅਮਲ ਜਾਰੀ ਹੈ ਤੇ ਇਹ ਲੰਘੇ ਦਿਨੀਂ ਗ੍ਰਿਫ਼ਤਾਰ ਕੀਤੇ ਤਿੰਨ ਵਿਅਕਤੀਆਂ ਦੀ ਸ਼ਮੂਲੀਅਤ ਤੱਕ ਸੀਮਤ ਨਹੀਂ ਹੈ।” ਟਰੂਡੋ ਨੇ ਕਿਹਾ ਕਿ ਨਿੱਝਰ ਦੀ ਹੱਤਿਆ ਮਗਰੋਂ ਕੈਨੇਡਾ ਦੇ ਸਿੱਖ ਭਾਈਚਾਰੇ ‘ਚੋਂ ਕਈ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ। ਪ੍ਰਧਾਨ ਮੰਤਰੀ ਨੇ ਕਿਹਾ, ”ਹਰੇਕ ਕੈਨੇਡੀਅਨ ਨੂੰ ਮੁਲਕ ਵਿਚ ਬਿਨਾਂ ਕਿਸੇ ਪੱਖਪਾਤ, ਹਿੰਸਾ ਮੁਕਤ ਮਾਹੌਲ ਤੇ ਸੁਰੱਖਿਅਤ ਰਹਿਣ ਦਾ ਮੌਲਿਕ ਅਧਿਕਾਰ ਹੈ।“ ਟਰੂਡੋ ਵੱਲੋਂ ਪਿਛਲੇ ਸਾਲ ਸਤੰਬਰ ‘ਚ ਲਾਏ ਦੋਸ਼ਾਂ ਕਿ ਨਿੱਝਰ ਦੀ ਹੱਤਿਆ ਵਿਚ



ਕਥਿਤ ਭਾਰਤੀ ਏਜੰਟਾਂ ਦਾ ਹੱਥ ਸੀ, ਮਗਰੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਕਸ਼ੀਦਗੀ ਸਿਖਰ ‘ਤੇ ਪਹੁੰਚ ਗਈ ਸੀ। ਭਾਰਤ ਨੇ ਹਾਲਾਂਕਿ ਟਰੂਡੋ ਦੇ ਦੋਸ਼ਾਂ ਨੂੰ ‘ਹਾਸੋਹੀਣੇ’ ਤੇ ‘ਪ੍ਰੇਰਿਤ’ ਦੱਸ ਕੇ ਖਾਰਜ ਕਰ ਦਿੱਤਾ ਸੀ। ਨਿੱਝਰ ਕਤਲ ਕੇਸ ਵਿਚ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਮਗਰੋਂ ਕੈਨੇਡਾ ਪੁਲਿਸ ਨੇ ਕਿਹਾ ਕਿ ਉਹ ਅਮਰੀਕਾ ਦੀਆਂ ਕਾਨੂੰਨੀ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਪੁਲਿਸ ਨੇ ਇਸ਼ਾਰਾ ਕੀਤਾ ਕਿ ਆਉਂਦੇ ਦਿਨਾਂ ਵਿਚ ਇਸ ਮਾਮਲੇ ਵਿਚ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ। ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸਹਾਇਕ ਕਮਿਸ਼ਨਰ ਡੇਵਿਡ ਟੈਬੁਲ ਨੇ ਕਿਹਾ ਸੀ ਕਿ ਉਹ ਗ੍ਰਿਫ਼ਤਾਰ ਕੀਤੇ ਤਿੰਨ ਵਿਅਕਤੀਆਂ ਤੇ ਭਾਰਤੀ ਅਧਿਕਾਰੀਆਂ ਦਰਮਿਆਨ ਕਥਿਤ ਲਿੰਕ ਬਾਰੇ ਕੋਈ ਟਿੱਪਣੀ ਨਹੀਂ ਕਰਨਗੇ, ਪਰ ਪੁਲਿਸ ਵੱਲੋਂ ਇਨ੍ਹਾਂ ਦੇ ਭਾਰਤ ਸਰਕਾਰ ਨਾਲ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ। ਚੇਤੇ ਰਹੇ ਕਿ ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਸ਼ਨਿੱਚਰਵਾਰ ਨੂੰ ਕਿਹਾ ਸੀ ਕਿ ਨਿੱਝਰ ਦੀ ਹੱਤਿਆ ਨੂੰ ਲੈ ਕੇ ਕੈਨੇਡਾ ਵਿਚ ਜੋ ਕੁਝ ਹੋ ਰਿਹਾ ਹੈ।

# ਸੂਬਾ ਸਰਕਾਰ ਨੇ ਦਿੱਤੇ ਡਿਊਟੀ ’ਤੇ ਹਾਜ਼ਰ ਹੋਣ ਦੇ ਹੁਕਮ

ਚੰਡੀਗੜ੍ਹ, (ਸ਼.ਪ.)-ਪੰਜਾਬ ਦੇ ਲੋਕ ਸਭਾ ਹਲਕਾ ਬਠਿੰਡਾ ਤੋਂ ਭਾਜਪਾ ਉਮੀਦਵਾਰ ਤੇ ਆਈਏਐੱਸ ਅਧਿਕਾਰੀ ਪਰਮਪਾਲ ਕੌਰ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਵੱਲੋਂ ਆਈਏਐੱਸ ਅਧਿਕਾਰੀ ਦਾ ਅਸਤੀਫ਼ਾ ਪ੍ਰਵਾਨ ਕੀਤੇ ਜਾਣ ਤੋਂ ਬਾਅਦ ਅੱਜ ਪੰਜਾਬ ਸਰਕਾਰ ਨੇ ਆਈਏਐੱਸ ਅਧਿਕਾਰੀ ਪਰਮਪਾਲ ਕੌਰ ਦਾ ਅਸਤੀਫ਼ਾ ਨਾਮਨਜ਼ੂਰ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਆਈਏਐੱਸ ਅਧਿਕਾਰੀ ਨੂੰ ਨੋਟਿਸ ਜਾਰੀ ਕਰਦਿਆਂ ਡਿਊਟੀ ’ਤੇ ਹਾਜ਼ਰ ਹੋਣ ਦੇ ਹੁਕਮ ਦਿੱਤੇ ਹਨ।

ਪੰਜਾਬ ਸਰਕਾਰ ਦੇ ਪਰਸੋਨਲ ਵਿਭਾਗ ਨੇ ਪੱਤਰ ਵਿੱਚ ਕਿਹਾ ਹੈ ਕਿ ਆਈਏਐੱਸ ਅਧਿਕਾਰੀ ਨੇ ਵੀਆਰਐੱਸ ਅਪਲਾਈ ਕਰਦੇ ਹੋਏ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਨੂੰ ਮੁਆਫ ਕਰਨ ਦੀ ਮੰਗ ਕੀਤੀ ਸੀ। ਇਸ ਪੱਤਰ ਵਿੱਚ ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਮਾਂ 81 ਸਾਲ ਦੇ ਹਨ, ਜਿਨ੍ਹਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਅਤੇ ਘਰ ਵਿੱਚ ਕੋਈ ਹੋਰ ਨਾ ਹੋਣ ਕਰਕੇ ਦੇਖਭਾਲ ਕਰਨ ਵਿੱਚ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਵੀਆਰਐੱਸ ਲਈ ਤਿੰਨ ਮਹੀਨੇ ਦਾ ਨੋਟਿਸ ਪੀਰੀਅਡ ਮੁਆਫ ਕੀਤਾ ਜਾਵੇ। ਸੂਬਾ ਸਰਕਾਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਭਾਵੇਂ ਤੁਹਾਡਾ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ, ਪਰ ਨਿਯਮਾਂ ਅਨੁਸਾਰ ਤਿੰਨ ਮਹੀਨੇ ਦਾ ਨੋਟਿਸ ਪੀਰੀਅਡ ਮੁਆਫ ਕਰਨ ਦਾ ਅਧਿਕਾਰ ਸੂਬਾ ਸਰਕਾਰ ਕੋਲ ਹੈ। ਪੱਤਰ ਵਿੱਚ ਸੂਬਾ ਸਰਕਾਰ ਨੇ ਕਿਹਾ ਕਿ ਆਈਏਐੱਸ ਅਧਿਕਾਰੀ ਨੇ ਆਪਣੇ ਪੱਤਰ ਵਿੱਚ ਜੋ ਕਾਰਨ ਦੱਸੇ ਸਨ, ਉਹ ਉਸ ਦੇ ਉਲਟ ਬਠਿੰਡਾ ਵਿਖੇ ਇਕ ਮਹੀਨੇ ਤੋਂ ਰਾਜਸੀ ਗਤੀਵੀਧੀਆਂ ਵਿੱਚ ਸ਼ਾਮਲ ਹੋ ਰਹੇ ਹਨ। ਸੂਬਾ ਸਰਕਾਰ ਨੇ ਕਿਹਾ ਕਿ ਪੰਜਾਬ ਵਿੱਚ 231 ਆਈਏਐੱਸ ਅਧਿਕਾਰੀਆਂ ਦੀਆਂ ਅਸਾਮੀਆਂ ਹਨ, ਪਰ ਤਾਇਨਾਤ 192 ਹਨ। ਇਸ ਲਈ ਹੋਰਨਾਂ ਅਧਿਕਾਰੀਆਂ ਨੂੰ ਵਾਧੂ ਚਾਰਜ ਦੇਣੇ ਪੈ ਰਹੇ ਹਨ।




# ਅਮਰੀਕੀ 'ਵਰਸਿਟੀਆਂ ਜੰਗ ਵਿਰੋਧੀ ਅਖਾੜੇ ਬਣੀਆਂ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਅਮਰੀਕਾ ਅਤੇ 'ਨਾਟੋ' ਦੀ ਸ਼ਹਿ ਅਤੇ ਬੇਥਾਹ ਮਦਦ ਨਾਲ ਇਜ਼ਰਾਈਲ ਬੇਖ਼ੌਫ਼ ਹੋ ਕੇ ਫ਼ਲਸਤੀਨੀਆਂ ਦੀ ਨਸਲਕੁਸ਼ੀ ਕਰ ਰਿਹਾ ਹੈ। ਜਿਵੇਂ ਗਾਜ਼ਾ ਅਤੇ ਹੋਰ ਫ਼ਲਸਤੀਨੀ ਇਲਾਕਿਆਂ ਵਿਚ ਸਭ ਹੱਦਾਂ ਟੱਪ ਕੇ ਕਤਲੇਆਮ ਅਤੇ ਤਬਾਹੀ ਕੀਤੀ ਜਾ ਰਹੀ ਹੈ, ਉਸ ਵਿਰੁੱਧ ਦੁਨੀਆ 'ਚ ਵਿਆਪਕ ਰੋਹ ਹੈ। ਅਮਰੀਕਾ ਨੇ 7 ਅਕਤੂਬਰ 2023 ਤੋਂ ਇਜ਼ਰਾਈਲ ਨੂੰ ਹਥਿਆਰਾਂ ਦੀਆਂ 100 ਤੋਂ ਵੱਧ ਖੇਪਾਂ ਭੇਜੀਆਂ ਅਤੇ ਅਰਬਾਂ ਡਾਲਰ ਮਾਲੀ ਮਦਦ ਦਿੱਤੀ ਗਈ ਹੈ। ਹੁਣ ਤੱਕ ਗਾਜ਼ਾ ਵਿਚ ਘੱਟੋ-ਘੱਟ 15000 ਬੱਚਿਆਂ ਸਮੇਤ 34000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ; 77000 ਤੋਂ ਵੱਧ ਜ਼ਖ਼ਮੀ ਹੋਏ ਹਨ। ਇਸ ਨੇ ਅਮਰੀਕਾ ਦੇ ਦਹਿ-ਹਜ਼ਾਰਾਂ ਵਿਦਿਆਰਥੀਆਂ ਦੀ ਜ਼ਮੀਰ ਨੂੰ ਝੰਜੋੜਿਆ ਅਤੇ ਜਾਗਦੀ ਜ਼ਮੀਰ ਵਾਲੇ ਇਹ ਵਿਦਿਆਰਥੀ ਤੇ ਫੈਕਲਟੀ ਮੈਂਬਰ ਹਜ਼ਾਰਾਂ ਦੀ ਗਿਣਤੀ 'ਚ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਅਮਰੀਕਾ ਦੀਆਂ 60 ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਕੈਂਪਸਾਂ 'ਚ ਪੱਕੇ ਟੈਂਟ ਲਗਾ ਕੇ ਕਤਲੇਆਮ ਵਿਰੁੱਧ ਜ਼ੋਰਦਾਰ ਆਵਾਜ਼ ਉੱਠੀ ਹੈ। ਇਕ ਹੋਰ ਰਿਪੋਰਟ ਅਨੁਸਾਰ ਫ਼ਲਸਤੀਨੀਆਂ ਨਾਲ ਇਕਮੁੱਠਤਾ ਅੰਦੋਲਨ ਪਿਛਲਦੋ ਹਫ਼ਤਿਆਂ 'ਚ ਅਮਰੀਕਾ ਦੇ ਘੱਟੋ-ਘੱਟ 154 ਕਾਲਜ ਕੈਂਪਸਾਂ ਤੱਕ ਫੈਲ ਗਿਆ ਹੈ। ਇਸ ਦਾ ਪ੍ਰਭਾਵ ਹੋਰ ਮੁਲਕਾਂ 'ਚ ਵੀ ਦੇਖਿਆ ਜਾ ਰਿਹਾ ਹੈ। 17 ਅਪਰੈਲ ਨੂੰ ਜਦੋਂ ਨਿਊਯਾਰਕ 'ਚ ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਫੈਕਲਟੀ ਨੇ ਫ਼ਲਸਤੀਨੀਆਂ ਨਾਲ ਇਕਜੁੱਟਤਾ ਦਿਖਾਉਂਦਿਆਂ ਕੈਂਪਸ ਦੇ ਵਿਚਕਾਰ ਪੱਕਾ ਕੈਂਪ ਲਗਾ ਦਿੱਤਾ ਤਾਂ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਹੱਥਾਂਪੈਰਾਂ ਦੀ ਪੈ ਗਈ। ਅਗਲੇ ਦਿਨ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਸਥਾਨਕ ਸਟੇਟ ਅਥਾਰਟੀਜ਼ ਨੇ ਤਾਕਤ ਵਰਤ ਕੇ ਵਿਦਿਆਰਥੀਆਂ ਨੂੰ ਖਦੇੜਨਾ ਚਾਹਿਆ। ਪੁਲਿਸ ਨੇ ਹਾਲ ਅੰਦਰ ਰਾਈਫ਼ਲ ਨਾਲ ਗੋਲੀ ਵੀ ਚਲਾਈ। 100 ਤੋਂ ਵੱਧ ਵਿਦਿਆਰਥੀ ਗ੍ਰਿਫ਼ਤਾਰ ਕਰ ਲਏ ਪਰ ਵਿਦਿਆਰਥੀਆਂ ਨੇ ਖਿੰਡਣ ਦੀ ਬਜਾਇ ਨਵਾਂ ਕੈਂਪ ਸਥਾਪਤ ਕਰ ਲਿਆ। ਜਦੋਂ ਯੂਨੀਵਰਸਿਟੀ ਦੀ ਪ੍ਰਧਾਨ ਸ਼ਫ਼ੀਕ ਨੇ ਫ਼ਲਸਤੀਨ ਨਾਲ ਇਕਜੁੱਟਤਾ ਨੂੰ ਯਹੂਦੀ ਵਿਰੋਧੀ ਕਰਾਰ ਦੇ ਕੇ ਬਦਨਾਮ ਕਰਨ ਦੀ ਗੱਲ ਕੀਤੀ ਤਾਂ ਵਿਦਿਆਰਥੀਆਂ ਦਾ ਗੁੱਸਾ ਭੜਕ ਉੱਠਿਆ। ਲਾਮਬੰਦੀ ਤੋੜਨ ਲਈ ਪੁਲਿਸ ਤਾਕਤ ਦੀ ਵਰਤੋਂ ਅਤੇ ਅਜਿਹੀ ਚਿੱਕੜ ਉਛਾਲੀ ਐਸੀ ਚਿੰਗਾੜੀ ਬਣ ਗਈ ਜਿਸ ਨੇ ਅੰਦੋਲਨ ਦੀ ਅੱਗ ਪੂਰੇ ਅਮਰੀਕਾ 'ਚ ਫੈਲਾ ਦਿੱਤੀ। ਅਮਰੀਕਾ ਦੀ ਤੀਜੀ ਸਭ ਤੋਂ ਵੱਡੀ ਓਹਾਇਓ ਸਟੇਟ ਯੂਨੀਵਰਸਿਟੀ ਵਿਚ ਵੀ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੇ ਪੱਕੇ ਮੋਰਚੇ ਲਗਾ ਲਏ। ਯੇਲ ਕੈਂਪਸ ਤੋਂ ਸ਼ੁਰੂ ਹੋ ਕੇ ਕੈਂਪਸਦਰ-ਕੈਂਪਸ ਵੱਡੀਆਂ-ਵੱਡੀਆਂ ਲਾਮਬੰਦੀਆਂ ਹੋ ਰਹੀਆਂ ਹਨ। ਪੋਰਟਲੈਂਡ 'ਚ ਯੂਨੀਵਰਸਿਟੀ ਆਫ ਸਾਊਦਰਨ ਮੇਨ, ਫਲੋਰਿਡਾ ਯੂਨੀਵਰਸਿਟੀ, ਐਰੀਜ਼ੋਨਾ ਯੂਨੀਵਰਸਿਟੀ ਟਕਸਨ 'ਚ ਵਿਦਿਆਰਥੀਆਂ ਨੇ ਕੈਂਪ ਲਗਾ ਗਏ। ਇਸ ਤੋਂ ਉਤਸ਼ਾਹਤ ਹੋ ਕੇ ਹੋਰ ਮੁਲਕਾਂ 'ਚ ਵੀ ਇਸੇ ਤਰਜ਼ ਦਾ ਵਿਰੋਧ ਉੱਠਣਾ ਸ਼ੁਰੂ ਹੋ ਗਿਆ। ਫਰਾਂਸ, ਯੂਨਾਨ (ਗਰੀਸ), ਬਰਤਾਨੀਆ ਅਤੇ ਆਸਟਰੇਲੀਆ ਵਿਚ ਵੀ ਕੈਂਪਸਾਂ 'ਚ ਪੱਕੇ ਮੋਰਚੇ ਮੱਲਣ ਦੇ ਯਤਨ ਸ਼ੁਰੂ ਹੋ ਗਏ। ਬਾਇਡਨ ਸਰਕਾਰ ਅਤੇ ਉਸ ਦੇ ਨਾਟੋ ਜੋਟੀਦਾਰਾਂ ਨੂੰ ਡਰ ਸਤਾਉਣ ਲੱਗਾ ਕਿ ਇਹ ਮੁਜ਼ਾਹਰੇ ਕਿਤੇ 1960ਵਿਆਂ ਦੇ ਵੀਅਤਨਾਮ ਯੁੱਧ ਵਿਰੋਧੀ ਮੁਜ਼ਾਹਰਿਆਂ ਜਾਂ 1980ਵਿਆਂ ਦੇ ਦੱਖਣੀ ਅਫ਼ਰੀਕੀ ਨਸਲਵਾਦ ਵਿਰੁੱਧ ਵਿਸ਼ਾਲ ਮੁਜ਼ਾਹਰਿਆਂ ਵਰਗੀ ਵਿਸ਼ਾਲ ਲਹਿਰ ਨਾ ਬਣ ਜਾਣ। ਇਰਾਕ ਯੁੱਧ, 'ਆਕੂਪਾਈ ਵਾਲ ਸਟ੍ਰੀਟ' ਲਹਿਰ ਅਤੇ ਜਾਰਜ ਫਲੋਇਡ ਦੇ ਨਸਲਵਾਦੀ ਕਤਲ ਵਿਰੁੱਧ ਵੀ ਅਮਰੀਕਾ ਵਿਚ ਵਿਸ਼ਾਲ ਮੁਜ਼ਾਹਰੇ ਹੋਏ ਸਨ ਪਰ ਉਹ ਕੈਂਪਸਾਂ ਤੋਂ ਬਾਹਰ ਹੁੰਦੇ ਰਹੇ। ਅਮਰੀਕੀ ਵਿਦਿਆਰਥੀ ਲਹਿਰਾਂ ਦਾ ਅਧਿਐਨ ਕਰਨ ਵਾਲੇ ਪ੍ਰਮੁੱਖ ਅਮਰੀਕਨ ਵਿਦਵਾਨਾਂ ਦਾ ਮੰਨਣਾ ਹੈ ਕਿ ਕੈਂਪਸਾਂ ਵਿਚ ਇਹ 21ਵੀਂ ਸਦੀ ਦਾ 'ਹੁਣ ਤੱਕ ਦਾ ਸਭ ਤੋਂ ਵੱਡਾ ਵਿਦਿਆਰਥੀ ਅੰਦੋਲਨ' ਹੈ। ਬਾਇਡਨ ਸਰਕਾਰ ਇਸ ਹਕੀਕਤ ਤੋਂ ਭਲੀਭਾਂਤ ਵਾਕਫ਼ ਹੈ। ਇਸੇ ਕਰ ਕੇ ਅੰਦੋਲਨਕਾਰੀਆਂ ਦੀ ਦ੍ਰਿੜਤਾ ਅਤੇ ਇਕਜੁੱਟਤਾ ਤੋਂ ਬੁਖਲਾਈ ਸਰਕਾਰ ਲਾਮਬੰਦੀ ਤੋੜਨ ਲਈ ਆਪਣੀ ਮੈਕਾਰਥੀਵਾਦ ਦੀ ਜਾਬਰ ਵਿਰਾਸਤ ਅਨੁਸਾਰ ਸ਼ਰੇਆਮ ਫਾਸ਼ੀਵਾਦੀ ਹਮਲੇ ਦੇ ਰਾਹ ਪੈ ਗਈ ਹੈ; ਝੂਠੇ ਬਿਰਤਾਂਤ ਰਾਹੀਂ ਹਮਲੇ ਨੂੰ ਜਾਇਜ਼ ਠਹਿਰਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਾਇਡਨ ਨੇ ਮੁਜ਼ਾਹਰਾਕਾਰੀਆਂ ਨੂੰ ਨਫ਼ਰਤੀ ਗਰੁੱਪ ਕਹਿ ਕੇ ਭਮਡਿਆ ਹੈ। ਹਾਊਸਦੇ 22 ਡੈਮਕਰੇਟਿਕ ਮੈਂਬਰਾਂ ਨੇ ਮੁਜ਼ਾਹਰਾਕਾਰੀਆਂ ਨੂੰ ਕੋਲੰਬੀਆ ਕੈਂਪਸ ਤੋਂ ਖਦੇੜਨ ਦੀ ਮੰਗ ਕੀਤੀ। ਸੈਨੇਟ 'ਚ ਸੀਨੀਅਰ ਮੈਂਬਰ ਚਕ ਸ਼ੀਮਰ ਨੇ ਹਿੰਡ ਹਾਲ ਉੱਪਰ ਮੁਜ਼ਾਹਰਾਕਾਰੀਆਂ ਦੇ ਕਬਜ਼ੇ ਨੂੰ ਦਹਿਸ਼ਤਵਾਦੀ ਕਾਰਵਾਈ ਕਿਹਾ ਜਦਕਿ ਆਰਮਡ ਕਨਫਲਿਕਟ ਲੋਕੇਸ਼ਨ ਅਤੇ ਈਵੈਂਟ ਡੇਟਾ ਪ੍ਰੋਜੈਕਟ (ਏ.ਸੀ.ਐੱਲ.ਈ.ਡੀ.) ਰਿਪੋਰਟ ਕਹਿੰਦੀ ਹੈ ਕਿ ਕੈਂਪਸ ਵਿਚ 99% ਮੁਜ਼ਾਹਰਾਕਾਰੀ ਸ਼ਾਂਤਮਈ ਸਨ।



ਜਾਬਰ ਹਕੂਮਤਾਂ ਅਕਸਰ ਆਪਣੀਆਂ ਜਾਬਰ ਨੀਤੀਆਂ ਵਿਰੁੱਧ ਲੋਕ ਰਾਇ ਤੋੜਨ ਲਈ 'ਅਮਨ-ਕਾਨੂੰਨ ਬਣਾਈ ਰੱਖਣ' ਦੇ ਬਹਾਨੇ ਹਮਲੇ ਕਰਦੀਆਂ ਹਨ। ਹਰ ਜਾਬਰ ਵਾਂਗ ਬਾਇਡਨ ਸਰਕਾਰ ਨੂੰ ਵੀ ਭਰਮ ਸੀ ਕਿ ਉਹ ਬੇਕਿਰਕ ਤਾਕਤ ਵਰਤ ਕੇ ਸ਼ੁਰੂ 'ਚ ਹੀ ਵਿਦਿਆਰਥੀ ਉਭਾਰ ਨੂੰ ਦਬਾ ਦੇਣਗੇ। ਯੂਨੀਵਰਸਿਟੀਆਂ ਦੇ ਵਿਰੋਧ ਪ੍ਰਦਰਸ਼ਨ ਦਬਾਉਣ ਲਈ ਵਿੱਢੇ ਹਮਲੇ 'ਚ ਪੂਰੇ ਅਮਰੀਕਾ 'ਚ 1000 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ('ਅਪੀਲ' ਦੇ ਅੰਕੜਿਆਂ ਅਨੁਸਾਰ ਇਸ ਮਹੀਨੇ 72 ਕੈਂਪਸ ਵਿਰੋਧ ਪ੍ਰਦਰਸ਼ਨਾਂ ਤੋਂ 2000 ਦੇ ਕਰੀਬ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਬਹੁਤ ਸਾਰੇ ਵਿਦਿਆਰਥੀਆਂ ਉੱਪਰ 'ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਵਿਰੁੱਧ ਹੇਟ ਕ੍ਰਾਈਮ' ਦੇ ਸੰਗੀਨ ਇਲਜ਼ਾਮ ਲਗਾਏ ਗਏ ਹਨ ਜੋ ਉਨ੍ਹਾਂ ਦਾ ਭਵਿੱਖ ਤਬਾਹ ਕਰ ਸਕਦੇ ਹਨ)। ਨਿਊਯਾਰਕ ਯੂਨੀਵਰਸਿਟੀ 'ਚ ਦਰਜਨਾਂ ਵਿਦਿਆਰਥੀ ਗ੍ਰਿਫ਼ਤਾਰ ਕਰ ਲਏ ਗਏ। ਜਦੋਂ ਫੈਕਲਟੀ ਨੇ ਆਪਣੇ ਵਿਦਿਆਰਥੀਆਂ ਨੂੰ ਪ੍ਰਸ਼ਾਸਨ ਦੀ ਹਿੰਸਾ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ 20 ਫੈਕਲਟੀ ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਯੇਲ ਯੂਨੀਵਰਸਿਟੀ 'ਚ ਵੀ 47 ਵਿਦਿਆਰਥੀਆਂ ਸਮੇਤ 60 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਯੂਨੀਵਰਸਿਟੀ ਆਫ ਸਾਊਦਰਨ ਕੈਲੀਫੋਰਨੀਆ, ਲਾਸ ਏਂਜਲਸ ਵਿਚ ਵਿਦਿਆਰਥੀਆਂ ਨੇ ਅਲੂਮਨੀ ਪਾਰਕ ਉੱਪਰ ਕਾਬਜ਼ ਹੋ ਕੇ ਇਜ਼ਰਾਈਲ ਵਿਚ ਯੂਨੀਵਰਸਿਟੀ ਦਾ ਨਿਵੇਸ਼ ਖ਼ਤਮ ਕਰਨ ਦੀ ਮੰਗ ਕੀਤੀ। ਪੁਲਿਸ ਨੇ ਹਮਲਾ ਕਰ ਕੇ 93 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਯੂਨੀਵਰਸਿਟੀ ਨੂੰ ਡਿਗਰੀਆਂ ਦੇਣ ਦਾ ਪ੍ਰੋਗਰਾਮ ਰੱਦ ਕਰਨਾ ਪੈ ਗਿਆ। ਕੈਂਪਸ ਪ੍ਰਸ਼ਾਸਨ ਅਤੇ ਪੁਲਿਸ ਦੇ ਜਬਰ ਦੇ ਬਾਵਜੂਦ ਵਿਰੋਧ ਜਾਰੀ ਹੈ। ਆਸਟਿਨ ਵਿਖੇ ਯੂਨੀਵਰਸਿਟੀ ਆਫ ਟੈਕਸਸ ਵਿਚ ਵੀ ਕਲਾਸਾਂ ਛੱਡ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਉੱਪਰ ਜਬਰਕੀਤਾ ਗਿਆ ਅਤੇ 57 ਪ੍ਰਦਰਸ਼ਕਾਰੀ ਗ੍ਰਿਫ਼ਤਾਰ ਕਰ ਲਏ। ਇਮੋਰੀ ਯੂਨੀਵਰਸਿਟੀ ਵਿਚ 28 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਵਾਸ਼ਿੰਗਟਨ ਯੂਨੀਵਰਸਿਟੀ, ਇੰਡੀਆਨਾ ਯੂਨੀਵਰਸਿਟੀ ਆਦਿ ਵਿਚ ਵੀ 200 ਤੋਂ ਵੱਧ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਰਿਪੋਰਟਾਂ ਹਨ। ਮਿਸੌਰੀ ਵਿਚ ਵਾਸ਼ਿੰਗਟਨਯੂਨੀਵਰਸਿਟੀ ਦੇ ਛੇ ਫੈਕਲਟੀ ਮੈਂਬਰਾਂ ਜਿਨ੍ਹਾਂ ਵਿਚੋਂ ਚਾਰ ਨੂੰ ਵਿਰੋਧ ਪ੍ਰਦਰਸ਼ਨ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਨਾ ਸਿਰਫ਼ ਕੈਂਪਸ ਵਿਚ ਆਉਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ ਸਗੋਂ ਕੈਂਪਸ ਦੇ ਬਾਹਰ ਵੀ ਯੂਨੀਵਰਸਿਟੀ ਸਟਾਫ਼ ਅਤੇ ਵਿਦਿਆਰਥੀਆਂ ਨਾਲ ਗੱਲ ਕਰਨ ਦੀ ਮਨਾਹੀ ਕਰ ਦਿੱਤੀ ਗਈ ਹੈ। ਸ਼ਾਂਤਮਈ ਅੰਦੋਲਨ ਦੇ ਰੂਪ 'ਚ ਵਿਰੋਧ ਕਰਨ ਦਾ ਜਮਹੂਰੀ ਹੱਕ ਵਰਤਣ ਵਾਲਿਆਂ ਵਿਰੁੱਧ ਪੁਲਿਸ ਅਤੇ ਬਕਤਰਬੰਦ ਫ਼ੌਜੀ ਦਸਤਿਆਂ ਵੱਲੋਂ ਲਾਠੀਆਂ, ਅੱਥਰੂ ਗੈਸ ਅਤੇ ਘੋੜ-ਸਵਾਰ ਪੁਲਿਸ ਦੀ ਦਹਿਸ਼ਤ ਦੀ ਵਰਤੋਂ ਕੀਤੀ ਗਈ ਹੈ। ਅੰਦੋਲਨਕਾਰੀਆਂ ਨੂੰ ਵਹਿਸ਼ੀਆਨਾ ਕੁੱਟਮਾਰ, ਬਦਤਮੀਜ਼ੀ ਅਤੇ ਗ੍ਰਿਫ਼ਤਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ। ਅਮਰੀਕਨ ਕਾਂਗਰਸ ਦੇ ਮਾਈਕ ਜੌਹਨਸਨ ਵਰਗੇ ਚੋਟੀ ਦੇ ਅਧਿਕਾਰੀ ਤਾਂ ਵਿਦਿਆਰਥੀਆਂ ਨੂੰ ਕੁਚਲਣ ਲਈ ਰਿਜ਼ਰਵ ਮਿਲਟਰੀ ਤਾਕਤ, ਨੈਸ਼ਨਲ ਗਾਰਡਾਂ ਦੀ ਮਦਦ ਲੈਣ ਦੀ ਵਕਾਲਤ ਕਰ ਰਹੇ ਹਨ। ਜਬਰ ਸਿਰਫ਼ ਲਾਠੀਚਾਰਜ, ਅੱਥਰੂ ਗੈਸ ਦੇ ਗੋਲਿਆਂ ਅਤੇ ਗ੍ਰਿਫ਼ਤਾਰੀਆਂ ਤੱਕ ਸੀਮਤ ਨਹੀਂ; ਬਹੁਤ ਸਾਰੇ ਕੈਂਪਸਾਂ ਵਿਚ ਪੁਲਿਸ ਨਫ਼ਰੀ ਪੱਕੇ ਤੌਰ 'ਤੇ ਬੈਠੀ ਹੈ ਤਾਂ ਜੋ ਵਿਦਿਆਰਥੀ ਦੁਬਾਰਾ ਵਿਰੋਧ ਪ੍ਰਦਰਸ਼ਨ ਨਾ ਕਰ ਸਕਣ। ਇਹ 'ਕੈਂਪਸ ਦੀ ਜ਼ਿੰਦਗੀ 'ਚ ਖ਼ਲਲ ਪੈਣ ਤੋਂ ਰੋਕਣ' ਦੇ ਨਾਂ ਹੇਠਕੀਤਾ ਗਿਆ ਹੈ। ਸਰਗਰਮ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਨੂੰ ਮੁਅੱਤਲੀਆਂ, ਬਰਤਰਫ਼ੀਆਂ ਅਤੇ ਨੌਕਰੀਆਂ ਤੋਂ ਜਵਾਬ ਦੇਣ ਵਰਗੇ ਬਾਂਹ ਮਰੋੜ ਹੱਥਕੰਡਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣ-ਬੁੱਝ ਕੇ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਅੰਦੋਲਨ ਯਹੂਦੀ ਵਿਰੋਧੀ ਹੈ। ਯਹੂਦੀਵਿਦਿਆਰਥੀਆਂ ਦੇ ਜਨੂਨੀ ਹਿੱਸਿਆਂ ਨੂੰ ਭੜਕਾ ਕੇ ਅੰਦੋਲਨਕਾਰੀਆਂ ਨਾਲ ਲੜਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਕੈਲੀਫੋਰਨੀਆ ਯੂਨੀਵਰਸਿਟੀ ਵਿਚ ਇਜ਼ਰਾਈਲ ਪੱਖੀ 200 ਹਿੰਸਕ ਵਿਦਿਆਰਥੀਆਂ ਨੇ ਕੈਂਪਸ ਉੱਪਰ ਹਮਲਾ ਕੀਤਾ ਅਤੇ ਪਟਾਕੇ ਚਲਾਏ। ਹੁਕਮਰਾਨ ਅਜਿਹੇ ਟਕਰਾਅ ਨੂੰ ਅੰਦੋਲਨ ਨੂੰ ਬਦਨਾਮ ਕਰਨ ਅਤੇ ਜਬਰ ਢਾਹੁਣ ਦੀ ਵਾਜਬੀਅਤ ਲਈ ਵਰਤਣ ਦੀ ਚਾਲ ਖੇਡ ਰਹੇ ਹਨ।




# ਸੈਨਾ ਦਾ ਮਨੋਬਲ ਡੇਗਣਾ ਚਾਹੁੰਦੀ ਹੈ ਕਾਂਗਰਸ: ਟੰਡਨ



ਚੰਡੀਗੜ੍ਹ, (ਸ਼.ਪ.)-ਚੰਡੀਗੜ੍ਹ ਵਿੱਚ ਭਾਜਪਾ ਉਮੀਦਵਾਰ ਸੰਜੇ ਟੰਡਨ ਵੱਲੋਂ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਅੱਜ ਟੰਡਨ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲਾਂ ਨਾਲ ਮੁਲਾਕਾਤ ਕੀਤੀ ਤੇ ਸੈਕਟਰ-43 ਵਿੱਚ ਜਨ ਸਭਾ ਨੂੰ ਸੰਬੋਧਨ ਕੀਤਾ। ਇਸ ਤੋਂ ਇਲਾਵਾ ਸ਼ਹਿਰ ਵਿੱਚ ਵੱਖ-ਵੱਖ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ। ਸ੍ਰੀ ਟੰਡਨ ਨੇ ਸੈਕਟਰ-43 ਵਿੱਚ ਸੰਬੋਧਨ ਕਰਦਿਆਂ ਕਾਂਗਰਸ ’ਤੇ ਦੋਸ਼ ਲਗਾਇਆ ਕਿ ਕਾਂਗਰਸ ਪਾਰਟੀ ਐੱਸਸੀ, ਐੱਸਟੀ ਤੇ ਓਬੀਸੀ ਦੇ ਰਾਖਵਾਂਕਰਨ ਦਾ ਕੋਟਾ ਘਟਾ ਕੇ ਮੁਸਲਮਾਨਾਂ ਨੂੰ ਦੇਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਾਅਵਾ ਕਰ ਰਹੀ ਹੈ ਕਿ ਮੁਸਲਮਾਨਾਂ ਨੂੰ ਰਾਖਵਾਂਕਰਨ ਦੇਣ ਸਮੇਂ ਐੱਸਸੀ, ਐੱਸਟੀ ਤੇ ਓਬੀਸੀ ਦੇ ਰਾਖਵਾਂਕਰਨ ਵਿੱਚ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ ਪਰ ਕਾਂਗਰਸ ਅਜਿਹਾ ਲਿਖਤ ਵਿੱਚ ਦੇਣ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਧਰਮ ਦੇ ਆਧਾਰ ’ਤੇ ਰਾਖਵਾਂਕਰਨ ਸੰਭਵ ਨਹੀਂ ਹੈ। ਕਾਂਗਰਸ ਝੂਠ ਬੋਲ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ।

ਸ੍ਰੀ ਟੰਡਨ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਨੇਤਾ ਬੇਤੁਕੀ ਬਿਆਨਬਾਜੀ ਨਾਲ ਦੇਸ਼ ਦੇ ਸੁਰੱਖਿਆ ਬਲਾਂ ਦੇ ਮਨੋਬਲ ਡੇਘ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਦੇ ਅਜਿਹੇ ਬਿਆਨ ਕਾਂਗਰਸ ਦਾ ਦੇਸ਼ ਵਿਰੋਧੀ ਚਿਹਰਾ ਸਭ ਦੇ ਸਾਹਮਣੇ ਪੇਸ਼ ਕਰਦੇ ਹਨ। ਸ੍ਰੀ ਟੰਡਨ ਨੇ ਜੰਮੂ-ਕਸ਼ਮੀਰ ਸਿੰਘ ਸੈਨਾ ਦੇ ਕਾਫਲੇ ’ਤੇ ਹੋਏ ਹਮਲੇ ਬਾਰੇ ਚਰਨਜੀਤ ਸਿੰਘ ਚੰਨੀ ਦੀ ਟਿੱਪਣੀ ਬਾਰੇ ਮਨੀਸ਼ ਤਿਵਾੜੀ ਨੂੰ ਵੀ ਸਟੈਂਡ ਸਪਸ਼ਟ ਕਰਨ ਦੀ ਮੰਗ ਕੀਤੀ।

ਇਸ ਤੋਂ ਪਹਿਲਾਂ ਸੰਜੇ ਟੰਡਨ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਵਕੀਲਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸ੍ਰੀ ਟੰਡਨ ਨੇ ਵਕੀਲਾਂ ਨੂੰ ਸਾਰੰਗਪੁਰ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਕੰਪਲੈਕਸ ਅਤੇ ਅਦਾਲਤ ਦੀ ਵਰਤੋਂ ਲਈ ਜ਼ਮੀਨ ਦੀ ਲੋੜ ਨੂੰ ਸਰਵਪੱਖੀ ਵਿਕਾਸ ਯੋਜਨਾ ਨਾਲ ਸਬੰਧਤ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦਾ ਭਰੋਸਾ ਦਿੱਤਾ।

## ਠੇਕਾ ਲੁੱਟਣ ਮਗਰੋਂ ਸੜਕ ਹਾਦਸੇ ’ਚ ਮਾਰੇ ਗਏ ਪੰਜਾਬੀ ਦੀ ਪਛਾਣ ਹੋਈ

ਵੈਨਕੂਵਰ, (ਸ਼.ਪ.)-ਪੁਲਿਸ ਨੇ ਟੋਰਾਂਟੋ ਵਿਚ ਸ਼ਰਾਬ ਦਾ ਠੇਕਾ ਲੁੱਟ ਕੇ ਭੱਜਣ ਮਗਰੋਂ ਸੜਕ ਹਾਦਸੇ ਵਿਚ ਮਾਰੇ ਗਏ ਵਿਅਕਤੀ ਦੀ ਪਛਾਣ ਕਰ ਲਈ ਹੈ। ਇਹ ਵਿਅਕਤੀ ਠੇਕਾ ਲੁੱਟਣ ਮਗਰੋਂ ਚੋਰੀ ਦੀ ਵੈਨ ਲੈ ਕੇ ਭੱਜ ਗਿਆ ਸੀ। ਇਸ ਦੌਰਾਨ ਹਾਈਵੇਅ 401 ’ਤੇ ਉਲਟ ਦਿਸ਼ਾ ਵਿਚ ਜਾਂਦਿਆਂ ਉਸ ਨੇ ਇਕ ਭਾਰਤੀ ਪਰਿਵਾਰ ਦੀ ਕਾਰ ਸਮੇਤ ਕਈ ਵਾਹਨਾਂ ਨੂੰ ਟੱਕਰ ਮਾਰ ਦਿੱਤੀ ਸੀ। ਇਸ ਕਾਰ ਵਿਚ ਸਵਾਰ ਭਾਰਤੀ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋ ਗਈ ਸੀ।

ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿਚ ਮੁਲਜ਼ਮ ਦੀ ਪਛਾਣ ਗਗਨਦੀਪ ਸਿੰਘ (21) ਵਜੋਂ ਕੀਤੀ ਹੈ। ਉਹ ਚਾਰ ਸਾਲ ਪਹਿਲਾਂ ਸਟੱਡੀ ਵੀਜ਼ੇ ’ਤੇ ਕੈਨੇਡਾ ਆਇਆ ਸੀ। ਗਗਨਦੀਪ ਖ਼ਿਲਾਫ਼ ਪਹਿਲਾਂ ਵੀ ਕਈ ਕੇਸ ਦਰਜ ਸਨ ਅਤੇ ਉਹ ਜ਼ਮਾਨਤ ‘ਤੇ ਬਾਹਰ ਆਇਆ ਸੀ। ਉਸ ਖ਼ਿਲਾਫ਼ ਕਾਰਾਂ ਚੋਰੀ ਕਰਨ ਅਤੇ ਲੁੱਟ-ਖੋਹ ਦੇ ਮਾਮਲੇ ਦੀ ਸੁਣਵਾਈ ਮਿਲਟਨ ਦੀ ਅਦਾਲਤ ਵਿਚ ਅਗਲੇ ਹਫ਼ਤੇ ਸ਼ੁਰੂ ਹੋਣੀ ਸੀ ਪਰ ਇਸ ਤੋਂ ਪਹਿਲਾਂ ਉਸ ਦੀ ਮੌਤ ਹੋ ਗਈ।

## ਚੌਥੇ ਦਿਨ ਵੀ ਨਾ ਹੋਇਆ ਕਿਸਾਨ ਦਾ ਸਸਕਾਰ

ਪਟਿਆਲਾ, (ਸ਼.ਪ.)-ਪਿੰਡ ਸੇਹਰਾ ਵਿੱਚ ਚਾਰ ਮਈ ਨੂੰ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦੇ ਚੋਣ ਪ੍ਰੋਗਰਾਮ ਦੌਰਾਨ ਕੀਤੇ ਗਏ ਰੋਸ ਪ੍ਰਦਰਸ਼ਨ ਮੌਕੇ ਫੌਤ ਹੋਏ ਕਿਸਾਨ ਸੁਰਿੰਦਰਪਾਲ ਸਿੰਘ ਆਕੜੀ ਦਾ ਸਸਕਾਰ ਅੱਜ ਚੌਥੇ ਦਿਨ ਵੀ ਨਾ ਹੋ ਸਕਿਆ। ਕਿਸਾਨ ਆਗੂ ਮ੍ਰਿਤਕ ਨੂੰ ਸ਼ਹੀਦ ਐਲਾਨ ਕੇ ਉਸ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦਾ ਮੁਆਵਜ਼ਾ ਅਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਸਣੇ ਉਸ ਦੀ ਮੌਤ ਸਬੰਧੀ ਦਰਜ ਕੇਸ ’ਚ ਸ਼ਾਮਲ ਪ੍ਰਨੀਤ ਕੌਰ ਦੇ ਸਮਰਥਕ ਹਰਵਿੰਦਰ ਸਿੰਘ ਹਰਪਾਲਪੁਰ ਨੂੰ ਗ੍ਰਿਫਤਾਰ ਕਰਨ ਦੀ ਮੰਗ ਕਰ ਰਹੇ ਹਨ। ਇਸ ਸਬੰਧੀ ਕਿਸਾਨ ਧਿਰਾਂ ਵੱਲੋਂ 7 ਮਈ ਤੱਕ ਦਾ ਅਲਟੀਮੇਟਮ ਦਿੰਦਿਆਂ, 8 ਮਈ ਨੂੰ ਪ੍ਰਨੀਤ ਕੌਰ ਦੀ ਪਟਿਆਲਾ ਸਥਿਤ ਨਿੱਜੀ ਰਿਹਾਇਸ਼ ਨਿਊ ਮੋਤੀ ਬਾਗ ਪੈਲੇਸ ਅੱਗੇ ਧਰਨਾ ਲਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਤਹਿਤ ਅੱਜ ਇਸ ਧਰਨੇ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਤੇ ਕਿਸਾਨ ਨੇਤਾਵਾਂ ਨੇ 8 ਮਈ ਤੋਂ ਇਹ ਧਰਨਾ ਸ਼ੁਰੂ ਕਰਨ ਦਾ ਅੱਜ ਮੁੜ ਐਲਾਨ ਕੀਤਾ।

# ਸਰਕਾਰ ਨੇ ਪਿਆਜ ਦੀ ਬਰਾਮਦ ਤੋਂ ਪਾਬੰਦੀ ਹਟਾਈ



ਨਵੀਂ ਦਿੱਲੀ, (ਸ਼.ਪ.)-ਦੇਸ਼ ਵਿੱਚ ਚੱਲ ਰਹੀਆਂ ਲੋਕ ਸਭਾ ਚੋਣਾਂ ਦਰਮਿਆਨ ਸਰਕਾਰ ਨੇ ਅੱਜ ਪਿਆਜ ਦੀ ਬਰਾਮਦ ਤੋਂ ਪਾਬੰਦੀ ਹਟਾ ਦਿੱਤੀ ਹੈ ਪਰ ਨਾਲ ਹੀ ਘੱਟੋ-ਘੱਟ ਬਰਾਮਦ ਮੁੱਲ (ਐੱਮਈਪੀ) 500 ਡਾਲਰ ਪ੍ਰਤੀ ਟਨ ਤੈਅ ਕੀਤਾ ਹੈ। ਇਸ ਫੈਸਲੇ ਨਾਲ ਮਹਾਰਾਸ਼ਟਰ ਸਣੇ ਪ੍ਰਮੁੱਖ ਉਤਪਾਦਕ ਖੇਤਰਾਂ ਵਿੱਚ ਕਿਸਾਨਾਂ ਦੇ ਇੱਕ ਵੱਡੇ ਵਰਗ ਦੀ ਆਮਦਨ ਵਧਾਉਣ ’ਚ ਮਦਦ ਮਿਲ ਸਕਦੀ ਹੈ।

ਸਰਕਾਰ ਨੇ ਐੱਮਈਪੀ 550 ਡਾਲਰ ਪ੍ਰਤੀ ਟਨ ਤੇ ਨਾਲ ਹੀ 40 ਫੀਸਦੀ ਬਰਾਮਦ ਕਰ ਲਗਾਇਆ ਹੈ। ਕਰ ਨੂੰ ਧਿਆਨ ਵਿੱਚ ਰੱਖਦਿਆਂ ਬਰਾਮਦ ਖੇਪ ਨੂੰ 770 ਡਾਲਰ ਪ੍ਰਤੀ ਟਨ ਤੋਂ ਥੱਲੇ ਭੇਜਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ।

ਕੇਂਦਰ ਨੇ ਪਿਛਲੇ ਸਾਲ ਅੱਠ ਦਸੰਬਰ ਨੂੰ ਘੱਟ ਉਤਪਾਦਨ ਦੀਆਂ ਚਿੰਤਾਵਾਂ ਦਰਮਿਆਨ ਪ੍ਰਚੂਨ ਕੀਮਤਾਂ ’ਤੇ ਕਾਬੂ ਪਾਉਣ ਲਈ ਪਿਆਜ ਦੀ ਬਰਾਮਦ ’ਤੇ ਪਾਬੰਦੀ ਲਗਾ ਦਿੱਤੀ ਸੀ।

# ਮੁੱਖ ਮੰਤਰੀ ਦੀ ਆਮਦ ’ਤੇ ਗੁਰੂਘਰ ਦੀ ਤਲਾਸ਼ੀ ਲੈਣਾ ਨਿੰਦਣਯੋਗ: ਦਾਦੂਵਾਲ



ਗੂਹਲਾ ਚੀਕਾ, (ਸ਼.ਪ.)-ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਮੁੱਖ ਮੰਤਰੀ ਹਰਿਆਣਾ ਦੀ ਆਮਦ ’ਤੇ ਗੁਰਦੁਆਰਾ ਰਾਤਗੜ੍ਹ ਸਾਹਿਬ ਨਰਾਇਣਗੜ੍ਹ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੁਲੀਸ ਵੱਲੋਂ ਕੀਤੀ ਗਈ ਤਲਾਸ਼ੀ ਅਤਿ ਨਿੰਦਨਯੋਗ ਘਟਨਾ ਹੈ, ਜਿਸ ਦੀ ਉਹ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਨ। ਸ੍ਰੀ ਦਾਦੂਵਾਲ ਨੇ ਕਿਹਾ ਕੇ ਸੋਸ਼ਲ ਮੀਡੀਆ ’ਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ 0ਵਿੱਚ ਵਿੱਚ ਪੁਲੀਸ ਕਰਮਚਾਰੀ ਗੁਰਦੁਆਰਾ ਸਾਹਿਬ ਦੇ ਅੰਦਰ ਤਲਾਸ਼ੀ ਕਰ ਰਹੇ ਹਨ। ਪਤਾ ਲੱਗਾ ਕਿ ਇਹ ਘਟਨਾ ਗੁਰਦੁਆਰਾ ਰਾਤਗੜ੍ਹ ਸਾਹਿਬ ਨਰਾਇਣਗੜ੍ਹ ਜ਼ਿਲ੍ਹਾ ਅੰਬਾਲਾ ਦੀ ਹੈ ਜਿੱਥੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੱਥਾ ਟੇਕਣ ਆਉਣਾ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਦੇਸ਼-ਵਿਦੇਸ਼ ਵਿੱਚ ਵਸਦੀ ਸੰਗਤ ਦੇ ਮਨ ਨੂੰ ਠੇਸ ਪੁੱਜੀ ਹੈ। ਇਸ ਲਈ ਮੁੱਖ ਮੰਤਰੀ ਹਰਿਆਣਾ ਦੀ ਜੰਮਿਵਾਰੀ ਬਣਦੀ ਹੈ ਕੇ ਉਹ ਗੁਰੂਘਰ ਵਿੱਚ ਤਲਾਸ਼ੀ ਲੈਣ ਲਈ ਹੁਕਮ ਦੇਣ ਵਾਲੇ ਦੋਸ਼ੀ ਸੁਰੱਖਿਆ ਅਫ਼ਸਰਾਂ ਨੂੰ ਕਾਨੂੰਨੀ ਕਟਹਿਰੇ ਵਿੱਚ ਖੜ੍ਹਾ ਕੇ ਸਖ਼ਤ ਸਜ਼ਾ ਦੇਣ।

**ਸਿੱਖ ਸੰਗਤ ਨੇ ਸ੍ਰੀ ਅਕਾਲ ਤਖਤ ’ਤੇ ਭੇਜੀ ਸ਼ਿਕਾਇਤ**


ਕੁਰੂਕਸੇਤਰ, ਗੁਰਦੁਆਰਾ ਰਾਤਗੜ੍ਹ ਸਾਹਿਬ ਨਰਾਇਣਗੜ੍ਹ (ਅੰਬਾਲਾ) ਦੀ ਘਟਨਾ ਦੀ ਸਿੱਖ ਸੰਗਤ ਨੇ ਨਿੰਦਾ ਕੀਤੀ। ਸਿੱਖ ਸਮਾਜ ਚ ਇਸ ਘਟਨਾ ਕਾਰਨ ਭਾਰੀ ਰੋਸ ਹੈ। ਸੰਗਤ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਂਅ ’ਤੇ ਇਸ ਸਮੂਚੀ ਘਟਨਾ ਬਾਰੇ ਸ਼ਿਕਾਇਤ ਪੱਤਰ ਸਿੱਖ ਮਿਸ਼ਨ ਹਰਿਆਣਾ ਕੁਰੂਕਸ਼ੇਤਰ ਦੇ ਦਫਤਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਨਾ ਤੇ ਧਰਮ ਪ੍ਰਚਾਰ ਕਮੇਟੀ ਮੈਂਬਰ ਤੇਜਿੰਦਰਪਾਲ ਸਿੰਘ ਲਾਡਵਾ ਨੂੰ ਦਿੱਤਾ।

## ਭਾਜਪਾ ਦੇ ਇਕੱਠ ਦੇਖ ਕੇ ਵਿਰੋਧੀ ਧਿਰਾਂ ਦੀ ਨੀਂਦ ਉੱਡੀ: ਬਿੱਟੂ



ਲੁਧਿਆਣਾ, ਲੁਧਿਆਣਾ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵਨੀਤ ਬਿੱਟੂ ਨੇ ਵੱਖ-ਵੱਖ ਥਾਵਾਂ ’ਤੇ ਚੋਣ ਮੀਟਿੰਗਾਂ ਕੀਤੀਆਂ। ਮਾਧੋਪੁਰੀ ਮੰਡਲ ਪ੍ਰਧਾਨ ਅਮਿਤ ਮਿੱਤਲ ਅਤੇ ਗਿਆਸਪੁਰਾ ਮੰਡਲ ਵਿਖੇ ਯੁਵਾ ਮੋਰਚਾ ਦੇ ਜਨਰਲ ਸਕੱਤਰ ਚੇਤਨ ਮਲਹੋਤਰਾ ਦੀ ਅਗਵਾਈ ਹੇਠ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਦੀਆਂ ਮੀਟਿੰਗਾਂ ’ਚ ਹੁੰਦਾ ਇਕੱਠ ਦੇਖਕੇ ਵਿਰੋਧੀ ਪਾਰਟੀਆਂ ਦੀ ਨੀਂਦ ਉੱਡ ਗਈ ਹੈ ਅਤੇ ਉਨ੍ਹਾਂ ਨੂੰ ਪਤਾ ਲੱਗ ਗਿਆ ਹੈ ਕਿ ਦੇਸ ਤੇ ਸੂਬੇ ਦੇ ਲੋਕ ਇਨ੍ਹਾਂ ਦੇ ਝੂਠੇ ਲਾਰਿਆਂ ਦੀ ਬਜਾਏ ਭਾਜਪਾ ਦੀ ਵਿਕਾਸਸੀਲ ਨੀਤੀ ਦੇ ਨਾਲ ਹਨ। ਇਸ ਮੌਕੇ ਗੁਰਦੇਵ ਸਰਮਾ ਦੇਬੀ, ਯਸਪਾਲ ਚੌਧਰੀ, ਐਡਵੋਕੇਟ ਹਰਸ ਸਰਮਾ, ਨਰਿੰਦਰਪਾਲ ਸਿੰਘ ਮੱਲ੍ਹੀ ਤੇ ਵਿਸਵ ਹਿੰਦੂ ਪ੍ਰੀਸਦ ਦੇ ਪ੍ਰਮੁੱਖ ਡਾ. ਦੇਵਨਾਥ ਅਤੇ ਬਜਰੰਗ ਦਲ ਦੇ ਰਾਜਾ ਕੁਮਾਰ ਵੀ ਹਾਜਰ ਸਨ।

# ਟੰਡਨ ਵੱਲੋਂ ਚੰਡੀਗੜ੍ਹ ’ਚ ਭਾਰਤ ਦੀ 22ਵੀਂ ਮੈਟਰੋ ਸਥਾਪਤ ਕਰਨ ਦਾ ਐਲਾਨ



ਚੰਡੀਗੜ੍ਹ, (ਸ਼.ਪ.)-ਚੰਡੀਗੜ੍ਹ ਤੋਂ ਭਾਜਪਾ ਉਮੀਦਵਾਰ ਸੰਜੇ ਟੰਡਨ ਨੇ ਸ਼ਹਿਰ ਵਿੱਚ ਚੋਣ ਪ੍ਰਚਾਰ ਭਖਾ ਦਿੱਤਾ ਹੈ। ਉਨ੍ਹਾਂ ਮਨੀਮਾਜਰਾ ਦੇ ਗੋਵਿੰਦਪੁਰਾ, ਸੈਕਟਰ 21, ਸੈਕਟਰ 19 ਅਤੇ ਮੌਲੀ ਜੱਗਰਾਂ ਵਿੱਚ ਜਨਤਕ ਮੀਟਿੰਗਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇਸ਼ ਭਰ ਵਿੱਚ 21 ਮੈਟਰੋ ਰੇਲਗੱਡੀਆਂ ਸਫਲਤਾਪੂਰਵਕ ਸਥਾਪਤ ਕਰ ਚੁੱਕੀ ਹੈ। ਹੁਣ ‘ਸਿਟੀ ਬਿਊਟੀਫੁੱਲ’ ਵਿੱਚ 22ਵੀਂ ਮੈਟਰੋ ਸਥਾਪਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼ਹਿਰ ਤੋਂ ਹਵਾਈ ਅੱਡੇ ਤੱਕ ਇੱਕ ਨਵੀਂ ਸੜਕ ਬਣਾਈ ਜਾਵੇਗੀ, ਜਿਸ ਨਾਲ ਯਾਤਰੀਆਂ ਦਾ ਸਮਾਂ ਬਚਾਉਣ ਵਿੱਚ ਮਦਦ ਮਿਲੇਗੀ। ਇਸ ਮੌਕੇ ਉਨ੍ਹਾਂ ਮੋਦੀ ਸਰਕਾਰ ਦੀਆਂ ਦਸ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਇਨ੍ਹਾਂ ਲੋਕ ਪੱਖੀ ਸਕੀਮਾਂ ਕਾਰਨ ਗਰੀਬਾਂ ਨੂੰ ਭਾਰੀ ਲਾਭ ਹਾਸਲ ਹੋਇਆ ਹੈ। ਭਾਜਪਾ ਉਮੀਦਵਾਰ ਨੇ ਕਿਹਾ ਕਿ ਚੰਡੀਗੜ੍ਹ ਦੇ ਰੇਲਵੇ ਸਟੇਸ਼ਨ ਨੂੰ ਵਿਸ਼ਵ ਪੱਧਰੀ ਬਣਾਉਣ ਦਾ ਪਾਇਲਟ ਪ੍ਰਾਜੈਕਟ ਸ਼ੁਰੂ ਹੋ ਚੁੱਕਾ ਹੈ।

**ਵੋਟਰਾਂ ਨੂੰ ਕਾਂਗਰਸੀ ਉਮੀਦਵਾਰ ਤੋਂ ਸਾਵਧਾਨ ਰਹਿਣ ਲਈ ਆਖਿਆ**

ਸ੍ਰੀ ਟੰਡਨ ਨੇ ਵੋਟਰਾਂ ਨੂੰ ਕਾਂਗਰਸੀ ਉਮੀਦਵਾਰ ਤੋਂ ਸਾਵਧਾਨ ਰਹਿਣ ਲਈ ਆਖਿਆ। ਉਨ੍ਹਾਂ ਕਿਹਾ ਕਿ ਮਨੀਸ਼ ਤਿਵਾੜੀ ਇਸ ਤੋਂ ਪਹਿਲਾਂ ਲੁਧਿਆਣਾ ਅਤੇ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਰਹਿ ਚੁੱਕੇ ਹਨ ਅਤੇ ਉਨ੍ਹਾਂ ਸਬੰਧਤ ਹਲਕਿਆਂ ਵਿੱਚ ਵਿਕਾਸ ਦਾ ਨਾ ਕੋਈ ਕੰਮ ਕੀਤਾ ਹੈ ਅਤੇ ਹਲਕਿਆਂ ਵਿੱਚੋਂ ਵੀ ਗਾਇਬ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਉਮੀਦਵਾਰ ਹੁਣ ਚੰਡੀਗੜ੍ਹ ਦੇ ਵੋਟਰਾਂ ਨੂੰ ਗੁਮਰਾਹ ਕਰ ਰਹੇ ਹਨ।

ਸ਼ਾਨੇ ਪੰਜਾਬ ਯੂਐਸਏ
ਯੂਟਿਊਬ ’ਤੇ ਦੇਖਣ ਲਈ ਕ੍ਰਿਪਾ ਕਰਕੇ।
shaanepunjabusa



# ਚੋਣ ਅਖਾੜਾ: ਇਤਨਾ ਸੰਨਾਟਾ ਕਿਉਂ ਹੈ..!

ਬਠਿੰਡਾ, (ਸ਼.ਪ.)-ਮਾਲਵਾ ਖਿੱਤੇ ਦੇ ਚੋਣ ਮਾਹੌਲ ਨੂੰ ਦੇਖੀਏ ਤਾਂ ਮਸ਼ਹੂਰ ਫ਼ਿਲਮ 'ਸ਼ੋਅਲੇ' ਦਾ ਡਾਇਲਾਗ 'ਇਤਨਾ ਸੰਨਾਟਾ ਕਿਉਂ ਹੈ ਭਾਈ' ਚੇਤੇ ਆਉਂਦਾ ਹੈ। ਲੋਕ ਸਭਾ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਦੌਰ ਅੱਜ ਸ਼ੁਰੂ ਹੋ ਚੁੱਕਾ ਹੈ, ਪਰ ਇਸ ਦੇ ਬਾਵਜੂਦ ਜ਼ੀਰਕਪੁਰ ਤੋਂ ਲੈ ਕੇ ਬਠਿੰਡਾ ਤੱਕ ਕਿਤੇ ਵੀ ਚੋਣਾਂ ਦਾ ਮਾਹੌਲ ਨਜ਼ਰ ਨਹੀਂ ਪੈਂਦਾ ਹੈ। ਅੱਜ ਜਦੋਂ ਇਸ ਸਮੁੱਚੀ ਚੋਣ ਸਰਗਰਮੀ ਦਾ ਜਾਇਜ਼ਾ ਲਿਆ, ਤਾਂ ਨਾ ਸੜਕਾਂ 'ਤੇ ਕਿਧਰੇ ਫ਼ਲੈਕਸ ਨਜ਼ਰ ਪੈ ਰਹੇ ਸਨ ਅਤੇ ਨਾ ਹੀ ਸਿਆਸੀ ਧਿਰਾਂ ਦੇ ਚੋਣ ਪ੍ਰਚਾਰ ਦੀ ਗੂੰਜ। ਇੰਜ ਲੱਗਦਾ ਹੈ ਕਿ ਮਾਲਵੇ ਖਿੱਤੇ ਦੇ ਲੋਕਾਂ ਦਾ ਸਿਆਸੀ ਧਿਰਾਂ ਤੋਂ ਮੋਹ ਹੀ ਭੰਗ ਹੋ ਗਿਆ ਹੋਵੇ। ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਲੋਕ ਆਪਣੇ ਕੰਮਾਂ ਵਿੱਚ ਮਸਤ ਨਜ਼ਰ ਆਏ। ਜ਼ੀਰਕਪੁਰ ਤੋਂ ਬਠਿੰਡਾ ਤੱਕ ਦੀ ਜਰਨੈਲੀ ਸੜਕ ਅਤੇ ਲਿੰਕ ਸੜਕਾਂ 'ਤੇ ਪੈਂਦੇ ਪਿੰਡਾਂ ਦੀਆਂ ਕੰਧਾਂ ਪੋਸਟਰਾਂ ਦੀ ਉਡੀਕ ਵਿੱਚ ਸਨ ਅਤੇ ਘਰਾਂ ਦੇ ਖਾਲੀ ਪਏ ਬਨੇਰਿਆਂ ਤੋਂ ਇੰਜ ਲੱਗਦਾ ਸੀ ਕਿ ਜਿਵੇਂ ਸਿਆਸਤਦਾਨਾਂ ਨਾਲ ਪੰਜਾਬ ਰੁੱਸ ਗਿਆ ਹੋਵੇ। ਕਿਸਾਨ ਤੂੜੀ ਤੰਦ ਸਾਂਭਣ ਵਿੱਚ ਲੱਗੇ ਹੋਏ ਸਨ ਅਤੇ ਪਿੰਡਾਂ ਦੇ ਅਨਾਜ ਕੇਂਦਰਾਂ ਵਿੱਚ ਲੱਗੇ ਫ਼ਸਲੀ ਅੰਬਾਰ ਆੜ੍ਹਤੀਆਂ ਨੂੰ ਮਾਹੌਲ ਵੱਲ ਦੇਖਣ ਦੀ ਇਜਾਜ਼ਤ ਨਹੀਂ ਦੇ ਰਹੇ ਸਨ। ਵਿਧਾਨ ਸਭਾ ਹਲਕਾ ਰਾਜਪੁਰਾ ਦੇ ਪਿੰਡ ਬੂਟਾ ਸਿੰਘ ਵਾਲਾ ਦੇ ਕਿਸਾਨ ਮਿਲਖਾ ਸਿੰਘ ਦਾ ਕਹਿਣਾ ਸੀ ਕਿ ਹੁਣ ਤਾਂ ਕੁਰਸੀ ਦੀ ਦੌੜ 'ਚ ਪਏ ਸਿਆਸਤਦਾਨਾਂ ਤੋਂ ਮਨ ਅੱਕ ਗਿਆ ਹੈ। ਉਹ ਆਖਦਾ ਹੈ 'ਵੋਟ ਤਾਂ ਪਾਵਾਂਗੇ। ਕਿਸ ਨੂੰ ਪਾਉਣੀ ਹੈ? ਇਹ ਮਨ ਵੋਟਾਂ ਵਾਲੇ ਦਿਨ ਦੇ ਨੇੜੇ ਬਣਾਵਾਂਗੇ"। ਦੇਖਿਆ ਗਿਆ ਕਿ ਵੋਟਰਾਂ ਵਿੱਚ ਨਾ ਕਿਧਰੇ ਉਤਸ਼ਾਹ ਹੈ ਅਤੇ ਨਾ ਹੀ ਉਹ ਮੂੰਹ ਖੋਲ੍ਹਣ ਨੂੰ ਤਿਆਰ ਹਨ। ਹਾਲਾਂਕਿ ਪਿਛਲੀਆਂ ਲੋਕ ਸਭਾ ਚੋਣਾਂ ਮੌਕੇ ਇਨ੍ਹਾਂ ਦਿਨਾਂ ਵਿੱਚ ਸਿਆਸੀ ਅਖਾੜਾ ਪੂਰੀ ਤਰ੍ਹਾਂ ਭਖ ਗਿਆ ਸੀ। ਬਹੁਤੇ ਲੋਕਾਂ ਨਾਲ ਗੱਲ ਕਰਨ ਤੋਂ ਇਹ ਸਮਝ ਪਿਆ ਕਿ ਲੋਕ ਚੇਤੰਨ ਹੋਏ ਹਨ ਅਤੇ ਇਸ ਗੱਲ 'ਤੇ ਵੀ ਮੋਹਰ ਲੱਗੀ ਹੈ ਕਿ ਸਿਆਸੀ ਧਿਰਾਂ ਨੇ ਲੋਕਾਂ ਦੇ ਦਿਲ ਹੀ ਨਹੀਂ ਤੋੜੇ ਬਲਕਿ ਉਨ੍ਹਾਂ ਦਾ ਭਰੋਸਾ ਵੀ ਤਾਰ-ਤਾਰ ਕੀਤਾ ਹੈ। ਹਲਕਾ ਸਮਾਣਾ ਦੇ ਪਿੰਡ ਸੈਣੀ ਮਾਜਰਾ ਦੇ ਮਜ਼ਦੂਰ ਸੀਤਾ ਸਿੰਘ ਨੂੰ ਜਦੋਂ ਇਹ ਪੁੱਛਿਆ ਕਿ ਕਿਹੜੀ ਪਾਰਟੀ 'ਤੇ ਭਰੋਸਾ ਹੈ? ਤਾਂ ਉਸ ਨੇ ਨੀਲੇ ਅਸਮਾਨ ਵੱਲ ਸਿੱਧੀ ਉਂਗਲ ਕਰਦਿਆਂ ਕਿਹਾ ਕਿ ਉਸ ਮਾਲਕ ਤੋਂ ਬਿਨਾਂ ਕਿਸੇ 'ਤੇ ਨਹੀਂ। ਇਹ ਵੀ ਵੱਡਾ ਪੱਖ ਸਾਹਮਣੇ ਆਇਆ ਹੈ ਕਿ ਜਿਸ ਤਰੀਕੇ ਨਾਲ ਸਿਆਸਤਦਾਨਾਂ ਨੇ ਟਿਕਟਾਂ ਦੀ ਖ਼ਾਤਰ ਰਾਤੋ-ਰਾਤ ਦਲ ਬਦਲੇ ਹਨ, ਉਸ ਨੇ ਆਮ ਵੋਟਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਵੋਟਰਾਂ ਨੂੰ ਹੁਣ ਕੋਈ ਰਾਹ ਨਹੀਂ ਲੱਭ ਰਿਹਾ ਹੈ। ਪੇਂਡੂ ਮਾਲਵੇ ਵਿੱਚ ਇਨ੍ਹਾਂ ਦਿਨਾਂ ਵਿੱਚ ਸਿਆਸੀ ਪਾਰਟੀਆਂ ਤੋਂ ਵੱਧ ਕਿਸਾਨ ਧਿਰਾਂ ਸਰਗਰਮ ਹਨ। ਪਟਿਆਲਾ ਹੋਵੇ ਤੇ ਚਾਹੇ ਬਠਿੰਡਾ, ਜਿੱਥੇ ਕਿਤੇ ਵੀ ਭਾਜਪਾ ਉਮੀਦਵਾਰ ਚੋਣ ਪ੍ਰਚਾਰ ਲਈ ਨਿੱਕਲਦੇ ਹਨ, ਉਨ੍ਹਾਂ ਤੋਂ ਪਹਿਲਾਂ ਝੰਡੇ ਚੁੱਕ ਕੇ ਕਿਸਾਨ ਆਗੂ ਪੁੱਜ ਜਾਂਦੇ ਹਨ। ਕਿਸਾਨਾਂ ਦੇ 'ਮੁਰਦਾਬਾਦ' ਦੇ ਨਾਅਰਿਆਂ ਤੋਂ ਸਿਵਾਏ ਹੋਰ ਕੋਈ ਗੂੰਜ ਨਹੀਂ। ਇੰਨਾ ਜ਼ਰੂਰ ਹੈ ਕਿ ਜਿੱਥੇ ਕਿਤੇ ਉਮੀਦਵਾਰ ਚੋਣ ਜਲਸਾ ਕਰਦੇ ਹਨ, ਉਥੇ ਜ਼ਰੂਰ ਚੁਣਾਵੀ ਰੰਗ ਉੱਘੜਦਾ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਹਮਾਇਤ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਕਿਤੇ ਰੋਡ ਸ਼ੋਅ ਕਰਦੇ ਹਨ ਅਤੇ ਕਿਤੇ ਚੋਣ ਰੈਲੀ। ਬਠਿੰਡਾ ਹਲਕੇ ਵਿੱਚ ਕਾਂਗਰਸੀ ਉਮੀਦਵਾਰ ਜੀਤਮਹਿੰਦਰ ਸਿੱਧੂ ਅਤੇ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਚੋਣ ਪ੍ਰਚਾਰ ਨੂੰ ਭਖ਼ਾ ਲਿਆ ਹੈ। ਇਸੇ ਤਰ੍ਹਾਂ ਸੰਗਰੂਰ ਹਲਕੇ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਵੀ ਚੋਣਾਂ ਵਾਲਾ ਮਾਹੌਲ ਬਣਾਇਆ ਹੈ। ਹਲਕਾ ਫ਼ਰੀਦਕੋਟ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਅਤੇ ਉਸ ਦੀ ਹਮਾਇਤ ਵਿੱਚ ਕੁੱਦੇ ਪੰਜਾਬੀ ਅਦਾਕਾਰਾਂ ਨੇ, ਖਾਸ ਕਰਕੇ ਨੌਜਵਾਨ ਵੋਟਰਾਂ ਦਾ ਚੰਗਾ ਜੀਅ ਲਵਾਇਆ ਹੈ। ਦੇਖਣਾ ਹੋਵੇਗਾ ਕਿ ਆਉਂਦੇ ਦਿਨਾਂ ਵਿੱਚ ਲੋਕ ਸਿਆਸੀ ਮਾਹੌਲ ਨੂੰ ਕਿੰਨਾ ਕੁ ਹੁੰਗਾਰਾ ਦਿੰਦੇ ਹਨ।



**'ਲੀਡਰ ਚਾਰ ਦਿਨ ਹੱਥ ਜੋੜਨਗੇ ਫਿਰ ਤੂੰ ਕੌਣ ਤੇ ਮੈਂ ਕੌਣ'**

ਸਿਆਸਤਦਾਨਾਂ ਦੇ ਵਾਅਦਿਆਂ ਤੋਂ ਅੱਕੀ ਪਟਿਆਲਾ ਦੇ ਪਿੰਡ ਆਲਮਪੁਰ ਦੀ ਨਰੇਗਾ ਮਜ਼ਦੂਰ ਜਸਵਿੰਦਰ ਕੌਰ ਆਖਦੀ ਹੈ ਕਿ 'ਵੋਟਾਂ ਪਾਉਣ ਦਾ ਕੀ ਫਾਇਦਾ, ਹੁਣ ਚਾਰ ਦਿਨ ਹੱਥ ਜੋੜਨਗੇ ਫਿਰ ਤੂੰ ਕੌਣ ਤੇ ਮੈਂ ਕੌਣ'। ਸੰਗਰੂਰ ਹਲਕੇ ਦੇ ਪਿੰਡ ਨਿਦਾਮਪੁਰ ਦੇ ਕਿਸਾਨ ਪ੍ਰੀਤਮ ਸਿੰਘ ਦਾ ਕਹਿਣਾ ਸੀ ਕਿ 'ਵੋਟਾਂ ਵਾਲਿਆਂ ਨੇ ਕਿਹੜਾ ਅੰਬ ਦੇਣੇ ਨੇ, ਚਾਰ ਮਣ ਦਾਣੇ ਸਾਂਭਾਗੇ ਤਾਂ ਇਸੇ ਨਾਲ ਹੀ ਕਬੀਲਦਾਰੀ ਚੱਲੂ' ਜ਼ੀਰਕਪੁਰ-ਬਠਿੰਡਾ ਮੁੱਖ ਸੜਕ 'ਤੇ ਸੰਗਰੂਰ ਅਤੇ ਬਠਿੰਡਾ ਹਲਕੇ ਵਿੱਚ ਲੱਗੇ ਸਿਰਫ ਪੰਜ ਫ਼ਲੈਕਸ ਹੀ ਨਜ਼ਰ ਆਏ। ਬਠਿੰਡਾ ਦੇ ਪਿੰਡ ਲਹਿਰਾ ਮੁਹੱਬਤ ਦੇ ਦਰਸ਼ਨ ਸਿੰਘ ਦਾ ਕਹਿਣਾ ਸੀ ਕਿ ਹੁਣ ਜਦੋਂ ਲੀਡਰਾਂ ਦਾ ਹੀ ਕੋਈ ਸਟੈਂਡ ਨਹੀਂ ਰਿਹਾ ਤਾਂ ਅਸੀ ਕਿਉਂ ਲੜ-ਲੜ ਮਰੀਏ! ਪਿੰਡ ਬੋਹਾ ਦੇ ਸਤਗੁਰ ਸਿੰਘ ਦਾ ਕਹਿਣਾ ਸੀ ਕਿ ਐਤਕੀਂ ਹਾਲੇ ਚੋਣਾਂ ਵਾਲਾ ਮਾਹੌਲ ਬੱਝਿਆ ਨਹੀਂ ਹੈ।

# ਹਮਾਸ ਵੱਲੋਂ ਮਿਸਰ ਤੇ ਕਤਰ ਦੇ ਜੰਗਬੰਦੀ ਪ੍ਰਸਤਾਵ ਨੂੰ ਸਵੀਕਾਰ ਕਰਨ ਦੇ ਐਲਾਨ ਮਗਰੋਂ ਹੋਈ ਕਾਰਵਾਈ

ਯੇਰੂਸਲਮ, (ਸ਼.ਪ.)-ਇਜਰਾਇਲੀ ਟੈਂਕ ਦੱਖਣੀ ਗਾਜਾ ਸਹਿਰ ਰਾਫਾਹ ਵਿੱਚ ਦਾਖਲ ਹੋ ਗਏ ਹਨ ਅਤੇ ਗੁਆਂਢੀ ਦੇਸ਼ ਮਿਸਰ ਦੇ ਨਾਲ ਇਸ ਦੀ ਸਰਹੱਦ ਤੋਂ ਲਗਪਗ 200 ਮੀਟਰ ਅੰਦਰ ਤੱਕ ਪਹੁੰਚ ਗਏ ਹਨ। ਫਲਸਤੀਨੀ ਦੇ ਸੁਰੱਖਿਆ ਅਧਿਕਾਰੀ ਅਤੇ ਮਿਸਰ ਦੇ ਇੱਕ ਅਧਿਕਾਰੀ ਨੇ ਇਹ ਦਾਅਵਾ ਕੀਤਾ ਹੈ। ਇਹ ਕਦਮ ਹਮਾਸ ਵੱਲੋਂ ਮਿਸਰ ਅਤੇ ਕਤਰ ਦੇ ਜੰਗਬੰਦੀ ਪ੍ਰਸਤਾਵ ਨੂੰ ਸਵੀਕਾਰ ਕਰਨ ਦੇ ਐਲਾਨ ਤੋਂ ਕੁਝ ਘੰਟੇ ਬਾਅਦ ਚੁੱਕਿਆ ਗਿਆ ਹੈ। ਮਿਸਰ ਦੇ ਅਧਿਕਾਰੀ ਨੇ ਕਿਹਾ ਕਿ ਜਾਪਦਾ ਹੈ ਕਿ ਅਪਰੇਸਨ ਦਾ ਘੇਰਾ ਸੀਮਤ ਸੀ। ਉਸ ਨੇ ਅਤੇ ਹਮਾਸ ਦੇ ਅਲ-ਅਕਸਾ ਟੀਵੀ ਨੇ ਕਿਹਾ ਕਿ ਇਜਰਾਇਲੀ ਅਧਿਕਾਰੀਆਂ ਨੇ ਮਿਸਰ ਵਾਸੀਆਂ ਨੂੰ ਸੂਚਿਤ ਕੀਤਾ ਕਿ ਕਾਰਵਾਈ ਪੂਰੀ ਹੋਣ ਮਗਰੋਂ ਫੌਜ ਵਾਪਸ ਚਲੀ ਜਾਵੇਗੀ। ਉਧਰ, ਇਜਰਾਇਲੀ ਫੌਜ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਐਤਵਾਰ ਨੂੰ ਰਾਫਾਹ ਬਾਰਡਰ ਨੇੜੇ ਹਮਾਸ ਦੇ ਲੜਾਕਿਆਂ ਨੇ ਦੱਖਣੀ ਇਜਰਾਈਲ ਵਿੱਚ ਮੋਰਟਾਰ ਦਾਗੇ, ਜਿਸ ਵਿੱਚ ਚਾਰ ਇਜਰਾਇਲੀ ਫੌਜੀਆਂ ਦੀ ਮੌਤ ਹੋ ਗਈ।



ਇਜਰਾਇਲੀ ਆਗੂਆਂ ਵੱਲੋਂ ਗਾਜਾ ਪੱਟੀ ਦੇ ਰਾਫਾਹ ਸਹਿਰ ਵਿੱਚ ਫੌਜੀ ਕਾਰਵਾਈ ਨੂੰ ਮਨਜੂਰੀ ਦਿੱਤੇ ਜਾਣ ਮਗਰੋਂ ਇਜਰਾਈਲ ਦੀ ਫੌਜ ਇਲਾਕੇ ਵਿੱਚ ਹਮਾਸ ਦੇ ਟਿਕਾਣਿਆਂ 'ਤੇ ਹਮਲੇ ਕਰ ਰਹੀ ਹੈ। ਇਹ ਕਦਮ ਹਮਾਸ ਵੱਲੋਂ ਮਿਸਰ ਅਤੇ ਕਤਰ ਦੇ ਜੰਗਬੰਦੀ ਪ੍ਰਸਤਾਵ ਨੂੰ ਸਵੀਕਾਰ ਕਰਨ ਦੇ ਐਲਾਨ ਤੋਂ ਕੁਝ ਘੰਟੇ ਬਾਅਦ ਚੁੱਕਿਆ ਗਿਆ ਹੈ। ਇਜਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫਤਰ ਨੇ ਕਿਹਾ ਕਿ ਇਹ ਪ੍ਰਸਤਾਵ 'ਇਜਰਾਈਲ ਦੀਆਂ ਪ੍ਰਮੁੱਖ ਮੰਗਾਂ ਮੁਤਾਬਕ' ਨਹੀਂ ਹੈ, ਪਰ ਉਹ ਫਿਰ ਵੀ ਜੰਗਬੰਦੀ ਸਮਝੌਤੇ 'ਤੇ ਗੱਲਬਾਤ ਜਾਰੀ ਰੱਖਣ ਲਈ ਵਾਰਤਾਕਾਰਾਂ ਨੂੰ ਭੇਜੇਗਾ।

ਹਮਾਸ ਨੇ ਸੋਮਵਾਰ ਨੂੰ ਐਲਾਨ ਕੀਤਾ ਸੀ ਉਸਨੇ ਮਿਸਰ ਤੇ ਕਤਰ ਦੇ ਜੰਗਬੰਦੀ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਹੈ, ਪਰ ਇਜਰਾਈਲ ਨੇ ਕਿਹਾ ਕਿ ਉਹ ਇਸ ਪ੍ਰਸਤਾਵ ਦਾ ਅਧਿਐਨ ਕਰ ਰਿਹਾ ਹੈ। ਇਸ ਕਾਰਨ ਇਹ ਯਕੀਨੀ ਨਹੀਂ ਹੈ ਕਿ ਗਾਜਾ ਵਿੱਚ ਸੱਤ ਮਹੀਨਿਆਂ ਤੋਂ ਚੱਲ ਰਹੀ ਜੰਗ ਨੂੰ ਰੋਕਣ ਲਈ ਕੋਈ ਸਮਝੌਤਾ ਹੋਇਆ ਹੈ ਜਾਂ ਨਹੀਂ। ਇਹ ਸਮਝੌਤਾ ਹੋਰ ਖੂਨ-ਖਰਾਬੇ ਦੀ ਸੰਭਾਵਨਾ ਨੂੰ ਰੋਕਣ ਲਈ ਉਮੀਦ ਦੀ ਕਿਰਨ ਸੀ। ਕੁਝ ਘੰਟੇ ਪਹਿਲਾਂ, ਇਜਰਾਈਲ ਨੇ ਲਗਪਗ ਇਕ ਲੱਖ ਫਲਸਤੀਨੀਆਂ ਨੂੰ ਦੱਖਣੀ ਗਾਜਾ ਸਹਿਰ ਰਫਾਹ ਨੂੰ ਖਾਲੀ ਕਰਨ ਦਾ ਆਦੇਸ ਦਿੱਤਾ ਸੀ। ਇਸ ਤੋਂ ਸੰਕੇਤ ਗਿਆ ਸੀ ਛੇਤੀ ਹੀ ਹਮਲਾ ਕੀਤਾ ਜਾਵੇਗਾ। ਅਮਰੀਕਾ ਅਤੇ ਇਜਰਾਈਲ ਦੇ ਹੋਰ ਪ੍ਰਮੁੱਖ ਸਹਿਯੋਗੀ ਰਾਫਾਹ 'ਤੇ ਹਮਲੇ ਦਾ ਵਿਰੋਧ ਕਰ ਰਹੇ ਹਨ। ਇਸ ਸ਼ਹਿਰ ਵਿੱਚ ਲਗਪਗ 14 ਲੱਖ ਫਲਸਤੀਨੀਆਂ ਨੇ ਸਰਨ ਲੈ ਰੱਖੀ ਹੈ, ਜੋ ਗਾਜਾ ਦੀ ਅੱਧੀ ਤੋਂ ਵੱਧ ਆਬਾਦੀ ਦੇ ਬਰਾਬਰ ਹਨ।











NY 1 Sarpanch Construction INC
Fimlly Insured Free Estimates Steaming
Cleaning
Waterproofing g Roofing
BricecPointing
Side walk
Painting
Rheroseal
Vinyl work.
Design By:Shaanepunjabusa.com
ਸਾਡੀ ਸੁਸਾਇਟੀ ਇੰਡੀਆ ਵਿਚ ਲੋੜਵੰਦਾਂ ਦੀ ਮਦਦ ਕਰਦੀ ਹੈ
ASK for Mr. Singh
Tel: 917-553-5036
118-08-Atlantic Avenue,Queens.Ny-11419
email: ny1Sarpanchconstructioninc@gmail.com













www.shaanepunjabusa.com
www.shaanepunjabusa.com


ALL YOUR CONSTRUCTION NEEDS
KAJ
SIDEWALK SHED / PIPE SCAFFOLD
347-221-6610
Standards
Lashing
Guard board
Plank
Putlog
S.F.
F.F.
G.F.
Plank
Braces
Putlogs
Guard board
Ledger
Ledger
Standard
(b) Vertical
(a) View
24 Hour
Emergency Service
Santnam Singh Tahli
Bik: 347-221-6610
Email:Dkcontractornyc@gmail.com
advt. Design-shaanepunjabusa.com

# ਰਾਖਵਾਂਕਰਨ, ਆਰ. ਐੱਸ. ਐੱਸ. ਤੇ ਇਤਿਹਾਸਕ ਤੱਥ



ਡਾ. ਸ਼ਮਸੁਲ ਇਸਲਾਮ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਸੰਸਾਰ ਵਿਚ ਹਿੰਦੂਆਂ ਦੀ ਸਭ ਤੋਂ ਵੱਡੀ ਜਥੇਬੰਦੀ ਹੋਣ ਦਾ ਦਾਅਵਾ ਕਰਨ ਵਾਲਾ ਆਰ.ਐੱਸ.ਐੱਸ. ਦਰਅਸਲ ਅਜਿਹੀ ਨਿਆਰੀ ਸੰਸਥਾ ਹੈ ਜੋ ਆਪਣੇ ਕਾਡਰਾਂ ਨੂੰ ਨਿਰੋਲ ਗੋਇਬਲੀ (ਹਿਟਲਰ ਦਾ ਪ੍ਰਾਪੇਗੰਡਾ ਮੁਖੀ ਗੋਇਬਲਜ਼) ਪਰੰਪਰਾ ਅਨੁਸਾਰ ਝੂਠ ਘੜਨ ਅਤੇ ਫੈਲਾਉਣ ਦੀ ਸਿਖਲਾਈ ਦਿੰਦਾ ਹੈ। ਇਹ ਗੁਰੂਕੁਲ ਵਜੋਂ ਕੰਮ ਕਰਦਾ ਹੈ; ਹਿੰਦੂ ਉੱਚ ਜਾਤੀਆਂ ਲਈ ਉੱਚ ਜਾਤੀ ਸਿਖਲਾਈਸੰਸਥਾ ਜਿੱਥੇ ਵਿਦਿਆਰਥੀ ਉਸ ਅਭਿਆਸ 'ਚ ਗ੍ਰੈਜੂਏਟ ਬਣਦੇ ਹਨ ਜਿਸ ਨੂੰ ਜਾਰਜ ਔਰਵੈੱਲ ਨੇ ਦੋਗਲੀ ਜ਼ੁਬਾਨ ਕਿਹਾ ਸੀ। ਇਸ ਤਰ੍ਹਾਂ ਆਰ.ਐੱਸ.ਐੱਸ. ਨੂੰ 'ਰਾਜਨੀਤਕ ਦੋਗਲੀ ਜੀਭ ਸਹਾਰੇ ਵਧਣ-ਫੁੱਲਣ ਵਾਲੀ ਸੰਸਥਾ' ਵਜੋਂ ਬਿਲਕੁਲ ਸਹੀ ਦਰਸਾਇਆ ਗਿਆ ਹੈ (ਦਿ ਟਾਈਮਜ਼ ਆਫ ਇੰਡੀਆ, 26 ਅਗਸਤ 2002 ਦੀ ਰਿਪੋਰਟ ਅਨੁਸਾਰ ਇਸ ਨੂੰ ਸੰਪਾਦਨ ਕਰ ਕੇ 'ਸੰਘ ਦੀ ਤੀਹਰੀ ਜ਼ੁਬਾਨ' ਕਰ ਲੈਣਾ ਚਾਹੀਦਾ ਹੈ)। ਝੂਠਾਂ ਜ਼ਰੀਏ ਹੀ ਨੀਵੀਆਂ ਜਾਤੀਆਂ, ਘੱਟਗਿਣਤੀਆਂ ਅਤੇ ਬਹੁ-ਸਭਿਆਚਾਰਵਾਦ ਦੇ ਹੱਕ 'ਚ ਖੜ੍ਹਨ ਵਾਲੇ ਸਾਰੇ ਲੋਕਾਂ ਵਿਰੁੱਧ ਜ਼ਹਿਰ ਫੈਲਾਇਆ ਜਾਂਦਾ ਹੈ। ਭਾਰਤ ਦਾ ਆਰ.ਐੱਸ.ਐੱਸ. ਦੇ ਇਸ ਅੰਦਰੂਨੀ ਗੁਣ ਨਾਲ ਹੁਣੇ ਜਿਹੇ ਵਾਹ ਪਿਆ ਜਦੋਂ ਇਸ ਦੇ ਸੁਪਰੀਮੋ ਮੋਹਨ ਭਾਗਵਤ ਨੇ ਹੈਦਰਾਬਾਦ (28 ਅਪਰੈਲ, 2024) ਵਿਚ ਭਾਸ਼ਣ ਵਿਚ (ਜਿਸ ਵਿਚ ਆਰ.ਐੱਸ.ਐੱਸ. ਦੇ ਇਕ ਮਹਾਂ ਵਿਦਵਾਨ ਨੇ ਸੰਵਿਧਾਨਕ ਰਿਜ਼ਰਵੇਸ਼ਨ ਖਤਮ ਕਰਨ ਦਾ ਸੱਦਾ ਦਿੱਤਾ ਸੀ) ਕਿਹਾ: "ਯੇ ਗ਼ਲਤ ਬਾਤ ਹੈ, ਅਸੱਤਿਆ ਹੈ... ਸੰਘ ਸ਼ੁਰੂ ਤੋਂ ਹੀ ਸੰਵਿਧਾਨ ਅਨੁਸਾਰ ਹਰ ਤਰ੍ਹਾਂ ਦੇ ਰਾਖਵੇਂਕਰਨ ਦੀ ਹਮਾਇਤ ਕਰਦਾ ਰਿਹਾ ਹੈ; ਤੇ ਸੰਘ ਦਾ ਕਹਿਣਾ ਹੈ ਕਿ ਇਹ ਉਦੋਂ ਤੱਕ ਜਾਰੀ ਰਹਿਣਾ ਚਾਹੀਦਾ ਹੈ ਜਦੋਂ ਤੱਕ ਜਿਨ੍ਹਾਂ ਲਈ ਇਹ ਹੋਂਦ 'ਚ ਹੈ, ਮਹਿਸੂਸ ਕਰਦੇ ਹਨ ਕਿ ਇਹ ਜ਼ਰੂਰੀ ਹੈ... ਇਹ (ਰਾਖਵਾਂਕਰਨ ਨੀਤੀ) ਉਦੋਂ ਤੱਕ ਜਾਰੀ ਰਹਿਣਾ ਚਾਹੀਦਾ ਹੈ ਜਦੋਂ ਤੱਕ ਸਮਾਜ ਵਿਚ ਵਿਤਕਰਾ ਮੌਜੂਦ ਹੈ।" ਜਦੋਂ ਆਜ਼ਾਦ ਭਾਰਤ ਦੇ ਸੰਵਿਧਾਨ ਦੇ ਸੰਸਥਾਪਕਾਂ ਨੇ ਅਨੁਸੂਚਿਤ ਕਬੀਲਿਆਂ ਅਤੇ ਅਨੁਸੂਚਿਤ ਜਾਤੀਆਂ ਲਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਸੀ ਤਾਂ ਆਰ.ਐੱਸ.ਐੱਸ. ਦੇ ਸਭ ਤੋਂ ਪ੍ਰਮੁੱਖ ਨੀਤੀਘਾੜੇ/ਸਿਧਾਂਤਕਾਰ ਅਤੇ ਸੰਗਠਨ ਦੇ ਦੂਜੇ ਸੁਪਰੀਮੋ, ਐੱਮ.ਐੱਸ. ਗੋਲਵਲਕਰ ਨੇ ਸਖਤ ਪ੍ਰਤੀਕਰਮ ਜ਼ਾਹਿਰ ਕਰਦੇ ਹੋਏ ਇਹ ਦੋਸ਼ ਲਗਾਇਆ ਸੀ ਕਿ ਹੁਕਮਰਾਨ "ਹਿੰਦੂ ਸਮਾਜਿਕ ਏਕਤਾ ਦੀਆਂ ਜੜ੍ਹਾਂ ਪੁੱਟ ਰਹੇ ਹਨ ਅਤੇ ਪਛਾਣ ਦੀ ਉਸ ਭਾਵਨਾ ਨੂੰ ਨਸ਼ਟ ਕਰ ਰਹੇ ਹਨ ਜਿਸ ਨੇ ਅਤੀਤ ਵਿਚ ਸਾਰੇ ਵੱਖਵੱਖ ਸੰਪਰਦਾਵਾਂ ਨੂੰ ਇਕਸੁਰਤਾ ਵਿਚ ਬੰਨ੍ਹ ਕੇ ਰੱਖਿਆ ਸੀ।"(ਐੱਨ.ਐੱਲ. ਗੁਪਤਾ ਦੀ ਲਿਖਤ 'ਆਰ.ਐੱਸ.ਐੱਸ. ਅਤੇ ਲੋਕਤੰਤਰ' ਵਿਚ ਹਵਾਲਾ - ਦਿੱਲੀ: ਸੰਪਦਾਇਕਤਾ ਵਿਰੋਧੀ ਕਮੇਟੀ, ਪੰਨਾ 17)। ਉਸ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਨੀਵੀਆਂ ਜਾਤਾਂ ਦੀ ਅਣਦੇਖੀ ਦੀ ਜੜ੍ਹ ਹਿੰਦੂ ਸਮਾਜਿਕ ਪ੍ਰਬੰਧ ਹੈ (ਐੱਮ.ਐੱਸ. ਗੋਲਵਲਕਰ, 'ਬੰਚ ਆਫ਼ ਥਾਟਸ-ਚੋਣਵੀਆਂ ਲਿਖਤਾਂ/ਭਾਸ਼ਣ/ਇੰਟਰਵਿਊ', ਸਾਹਿਤ ਸਿੰਧੂ ਪ੍ਰਕਾਸ਼ਨ ਬੰਗਲੌਰ, 1996, ਤੀਜਾ ਐਡੀਸ਼ਨ, ਪੰਨਾ 363)। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ: "ਸੰਵਿਧਾਨ ਵਿਚ ਹਰੀਜਨਾਂ ਨੂੰ ਦਿੱਤੀ ਸੁਰੱਖਿਆ ਅਤੇ ਇਸ ਤੋਂ ਬਾਅਦ ਕੀਤੇ ਵਿਸਤਾਰ ਬਾਰੇ ਕੀ ਕਹਿਣਾ ਹੈ?" ਉਸ ਦਾ ਜਵਾਬ ਸੀ: "ਡਾ. ਅੰਬੇਡਕਰ ਨੇ 1950 ਵਿਚ ਗਣਤੰਤਰ ਬਣਨ ਦੇ ਦਿਨ ਤੋਂ ਸਿਰਫ 10 ਸਾਲਾਂ ਲਈ 'ਅਨੁਸੂਚਿਤ ਜਾਤੀਆਂ' ਲਈ ਵਿਸ਼ੇਸ਼ ਅਧਿਕਾਰ ਦੀ ਕਲਪਨਾ ਕੀਤੀ ਸੀ ਪਰ ਇਹ ਜਾਰੀ ਹੈ, ਇਸ ਨੂੰ ਵਧਾਇਆ ਜਾ ਰਿਹਾ ਹੈ। ਸਿਰਫ ਜਾਤੀ ਦੇ ਆਧਾਰ 'ਤੇ ਵਿਸ਼ੇਸ਼ ਅਧਿਕਾਰਾਂ ਦੇ ਜਾਰੀ ਰਹਿਣ ਨਾਲ ਉਨ੍ਹਾਂ ਵਿਚ ਵੱਖਰੀ ਹਸਤੀ ਦੇ ਤੌਰ 'ਤੇ ਬਣੇ ਰਹਿਣ ਦਾ ਸਵਾਰਥ ਪੈਦਾ ਹੋਣਾ ਹੀ ਹੈ। ਇਸ ਨਾਲ ਬਾਕੀ ਸਮਾਜ (ਹਿੰਦੂ ਸਮਾਜ) ਨਾਲ ਉਨ੍ਹਾਂ ਦੇ ਇਕ ਹੋਣ ਨੂੰ ਨੁਕਸਾਨ ਹੋਵੇਗਾ।" (ਐੱਮ.ਐੱਸ. ਗੋਲਵਲਕਰ, 'ਸਪੌਟਲਾਈਟਸ, ਸਾਹਿਤ ਸਿੰਧੂ ਪ੍ਰਕਾਸ਼ਨ ਬੰਗਲੌਰ, 1974, ਪੰਨਾ 16)। ਗੋਲਵਲਕਰ ਲਈ ਅਸਲ ਮੁੱਦਾ ਇਹ ਨਹੀਸੀ ਕਿ ਅਤੀਤ ਵਿਚ ਹਜ਼ਾਰਾਂ ਸਾਲਾਂ ਤੋਂ ਨੀਵੀਆਂ ਜਾਤਾਂ (ਸ਼ੂਦਰਾਂ/ਦਲਿਤਾਂ) ਨਾਲ ਹੋਏ ਅਨਿਆਂ ਨੂੰ ਕਿਵੇਂ ਦੂਰ ਕੀਤਾ ਜਾਵੇ ਸਗੋਂ ਉਸ ਦੀ ਅਸਲ ਚਿੰਤਾ ਇਹ ਸੀ ਕਿ "ਇਹ ਦੇਖਣ ਲਈ ਅਤਿਅੰਤ ਧਿਆਨ ਰੱਖੋ ਕਿ ਉਨ੍ਹਾਂ ਦੀ ਅਲਹਿਦਗੀ ਨੂੰ ਹੁਲਾਰਾ ਨਾ ਮਿਲੇ" (ਐੱਮ.ਐੱਸ. ਗੋਲਵਲਕਰ, 'ਸਪੌਟਲਾਈਟਸ', ਸਾਹਿਤ ਸਿੰਧੂ ਪ੍ਰਕਾਸ਼ਨ ਬੰਗਲੌਰ, 1974, ਪੰਨਾ 184)। ਉਸ ਨੇ ਇਸਤੱਥ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਕਿ ਭਾਰਤ ਵਿਚ ਨੀਵੀਆਂ ਜਾਤਾਂ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੈ। ਭਾਰਤ ਦੇ ਇਕ ਹਿੱਸੇ 'ਚ ਦਲਿਤਾਂ ਦੇ ਵੱਡੇ ਕਤਲੇਆਮ 'ਤੇ ਪ੍ਰਤੀਕਰਮ ਕਰਦੇ ਹੋਏ ਉਸ ਨੇ 14 ਅਕਤੂਬਰ 1972 ਨੂੰ ਲਿਖਿਆ: "ਅੱਜ ਕੱਲ੍ਹ ਆਮ ਘਟਨਾਵਾਂ ਨੂੰ ਵੀ ਹਰੀਜਨ ਗੈਰ-ਹਰੀਜਨ ਰੰਗਤ ਦੇਣ ਦਾ ਰੁਝਾਨ ਹੈ, ਸ਼ਾਇਦ ਰਾਜਨੀਤਕ ਪ੍ਰੇਰਨਾ ਨਾਲ ਅਤੇ ਲੋਕਾਂ ਦੀ ਏਕਤਾ ਤੇ ਇਕਜੁੱਟਤਾ ਵਿਚ ਦਰਾੜ ਪੈਦਾ ਕਰਨ ਲਈ। ਫੌਰੀ ਲਾਭਾਂ ਲਈ ਇੱਥੋਂ ਤੱਕ ਕਿ ਇਨ੍ਹਾਂ ਸ਼ੱਕੀਆਂ ਲਈ ਵੀ, ਸਮੁੱਚੇ ਤੌਰ 'ਤੇ ਲੋਕਾਂ ਦੇ ਸਦੀਵੀ ਭਲੇ ਦੀ ਬਲੀ ਦੇ ਦੇਣਾ ਅੱਜ ਕੱਲ੍ਹ ਪ੍ਰਚਲਤ ਰੁਝਾਨਾਂ ਦਾ ਮੰਦਭਾਗਾ ਪਹਿਲੂ ਹੈ। ਸਾਨੂੰ ਆਪਣੇ ਕੰਮ ਵਿਚ ਇਸ ਜ਼ਹਿਰੀਲੇ ਰੁਝਾਨ ਤੋਂ ਦੂਰ ਰਹਿਣਾ ਹੋਵੇਗਾ ਅਤੇ ਮਾਹੌਲ ਨੂੰ ਸਾਫ਼ ਕਰਨ ਦੀ ਪੂਰੀ ਕੋਸ਼ਿਸ਼ ਕਰਨੀ ਹੋਵੇਗੀ।" (ਐੱਮ.ਐੱਸ. ਗੋਲਵਲਕਰ, 'ਸ੍ਰੀ ਗੁਰੂਜੀ ਸਮਗਰ ਦਰਸ਼ਨ' - ਹਿੰਦੀ ਵਿਚ ਉਸ ਦੀਆਂ ਚੋਣਵੀਆਂ ਲਿਖਤਾਂ/ਭਾਸ਼ਣਾਂ ਦਾ ਸੰਗ੍ਰਹਿ, ਗ੍ਰੰਥ 7, ਭਾਰਤੀ ਵਿਚਾਰ ਸਾਧਨਾ, ਨਾਗਪੁਰ, 1974, ਪੰਨਾ 244)। ਗੋਲਵਲਕਰ ਦੀ ਦਲਿਤਾਂ ਪ੍ਰਤੀ ਨਫ਼ਰਤ ਜਾਤੀਵਾਦ ਵਿਚ ਉਸ ਦੇ ਪੱਕੇ ਵਿਸ਼ਵਾਸ ਦਾ ਨਤੀਜਾ ਸੀ ਜਿਸ ਦੇ ਤਹਿਤ ਉਨ੍ਹਾਂ ਨੂੰ ਜੀਵਨ ਦਾ ਅਧਿਕਾਰ ਵੀ ਨਹੀਂ ਸੀ। ਉਸ ਲਈ ਜਾਤੀਵਾਦ ਹਿੰਦੂ ਰਾਸ਼ਟਰਦਾ ਸਮਾਨਾਰਥੀ ਸੀ। ਉਸ ਦੇ ਅਨੁਸਾਰ, ਹਿੰਦੂ ਲੋਕ ਕੋਈ ਹੋਰ ਨਹੀਂ ਸਗੋਂ "ਵਿਰਾਟ ਪੁਰਸ਼, ਸਰਵ ਸਕਤੀਮਾਨ ਖੁਦ ਨੂੰ ਪ੍ਰਗਟ ਕਰ ਰਿਹਾ ਹੈ... ਪੁਰਸ਼ ਸੂਕਤ ਅਨੁਸਾਰ ਸੂਰਜ ਅਤੇ ਚੰਦਰਮਾ ਉਸ ਦੀਆਂ ਅੱਖਾਂ ਹਨ, ਤਾਰੇ ਤੇ ਆਕਾਸ਼ ਉਸ ਦੀ ਨਾਭੀ (ਧੁੰਨੀ) ਤੋਂ ਪੈਦਾ ਹੋਏ ਹਨ ਅਤੇ ਬ੍ਰਾਹਮਣ ਸਿਰ ਹੈ, ਖੱਤਰੀ ਹੱਥ ਹੈ, ਵੈਸ਼ ਪੱਟ ਹਨ ਅਤੇ ਸ਼ੂਦਰ ਪੈਰ ਹਨ। ਇਸ ਦਾ ਮਤਲਬ ਹੈ ਕਿ ਜਿਨ੍ਹਾਂ ਲੋਕਾਂ ਕੋਲ ਇਹ ਚਾਰ-ਪਰਤੀ ਵਿਵਸਥਾ ਹੈ, ਅਰਥਾਤ ਹਿੰਦੂ ਲੋਕ, ਸਾਡੇ ਭਗਵਾਨ ਹਨ ਪਰਮਾਤਮਾ ਦਾ ਇਹ ਪਰਮ ਦ੍ਰਿਸ਼ਟੀ 'ਰਾਸ਼ਟਰ' ਦੇ ਸਾਡੇ ਸੰਕਲਪ ਦਾ ਮੁੱਖ ਮੂਲ ਹੈ ਅਤੇ ਇਸ ਨੇ ਸਾਡੀ ਸੋਚ ਵਿਚ ਪ੍ਰਵੇਸ਼ ਕਰ ਲਿਆ ਹੈ ਅਤੇ ਸਾਡੀ ਸੱਭਿਆਚਾਰਕ ਵਿਰਾਸਤ ਦੀਆਂ ਵੱਖ-ਵੱਖ ਵਿਲੱਖਣ ਧਾਰਨਾਵਾਂ ਨੂੰ ਜਨਮ ਦਿੱਤਾ ਹੈ।" (ਐਮ.ਐਸ. ਗੋਲਵਲਕਰ, 'ਬੰਚ ਆਫ ਥਾਟਸ', ਪੰਨਾ 36- 37)। ਇਹ ਮਨੂ ਦੇ ਅਣਮਨੁੱਖੀ ਸ਼ੂਦਰ ਵਿਰੋਧੀ ਕੋਡਾਂ ਦੇ ਦੁਹਰਾਓ ਤੋਂ ਸਿਵਾਇ ਹੋਰ ਕੁਝ ਨਹੀਂ ਸੀ। ਗੋਲਵਲਕਰ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਜਾਤੀਵਾਦ ਹਿੰਦੂ ਧਰਮ ਲਈ ਸਰਾਪ ਹੈ ਜਾਂ ਹਿੰਦੂਆਂ ਵਿਚ ਏਕਤਾ ਦੀ ਭਾਵਨਾ ਵਿਚ ਰੁਕਾਵਟ ਪਾਉਂਦਾ ਹੈ: "ਹਿੰਦੂਆਂ ਨੂੰ ਬਦਨਾਮ ਕਰਨ ਵਿਚ ਦਿਲਚਸਪੀ ਰੱਖਣ ਵਾਲੇ ਲੋਕ ਜਾਤੀ ਪ੍ਰਣਾਲੀ, 'ਅੰਧਵਿਸ਼ਵਾਸ', ਅੱਖ਼ਰ ਗਿਆਨ ਦੀ ਘਾਟ, ਸਮਾਜਿਕ ਢਾਂਚੇ ਵਿਚ ਔਰਤਾਂ ਦੀ ਸਥਿਤੀ ਅਤੇ ਹਿੰਦੂ ਸੱਭਿਆਚਾਰਕ ਜਥੇਬੰਦੀ ਵਿਚ ਹਰ ਤਰ੍ਹਾਂ ਦੀਆਂ ਸੱਚੀਆਂ ਜਾਂ ਝੂਠੀਆਂ ਖਾਮੀਆਂ ਬਾਰੇ ਗੱਲਾਂ ਕਰਦੇ ਹਨ ਅਤੇ ਦੱਸਦੇ ਹਨ ਕਿ ਹਿੰਦੂਆਂ ਦੀ ਕਮਜ਼ੋਰੀ ਸਿਰਫ਼ ਇਨ੍ਹਾਂ ਵਿਚ ਹੀ ਪਈ ਹੈ।" (ਐੱਮ.ਐੱਸ. ਗੋਲਵਲਕਰ, 'ਬੰਚ ਆਫ ਥਾਟਸ', ਪੰਨਾ 61-62)। ਅੰਬੇਡਕਰ ਜਿਨ੍ਹਾਂ ਨੇ ਆਰ.ਐੱਸ.ਐੱਸ. ਨੂੰ ਵਧਦੇ-ਫੈਲਦੇ ਦੇਖਿਆ ਅਤੇ ਇਸ ਦੀਆਂ ਵਿਨਾਸ਼ਕਾਰੀ ਪ੍ਰਵਿਰਤੀਆਂ ਤੋਂ ਜਾਣੂ ਸਨ, ਦਾ ਦ੍ਰਿੜ ਵਿਚਾਰ ਸੀ ਕਿ ਆਰ.ਐੱਸ.ਐੱਸ. ਦੁਆਰਾ ਅਪਣਾਈ ਗਈ ਹਿੰਦੂਤਵ ਦੀ ਵਿਚਾਰਧਾਰਾ ਸਮਾਜ ਅਤੇ ਇਸ ਦੇ ਸਰੋਤਾਂ 'ਤੇ ਕੰਟਰੋਲ ਬਣਾਈ ਰੱਖਣ ਲਈ ਉੱਚ ਜਾਤੀ ਦੇ ਹਿੰਦੂਆਂ ਚਾਲ ਤੋਂ ਸਿਵਾਇਕੁਝ ਨਹੀਂ ਸੀ। ਉਨ੍ਹਾਂ ਨੇ ਲਿਖਿਆ: "ਉਨ੍ਹਾਂ ਕੋਲ ਚਰਿੱਤਰ ਦਾ ਗੁਣ ਹੈ ਜੋ ਅਕਸਰ ਹਿੰਦੂਆਂ ਨੂੰ ਤਬਾਹੀ ਵੱਲ ਲੈ ਜਾਂਦਾ ਹੈ। ਇਹ ਗੁਣ ਉਨ੍ਹਾਂ ਦੀ ਗ੍ਰਹਿਣਸੀਲ ਪ੍ਰਵਿਰਤੀ ਅਤੇ ਜੀਵਨ ਦੀਆਂ ਚੰਗੀਆਂ ਚੀਜ਼ਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਨੂੰ ਪਸੰਦ ਨਾ ਕਰਨ ਤੋਂ ਬਣਦਾ ਹੈ। ਸਿੱਖਿਆ ਅਤੇ ਧਨ-ਦੌਲਤ ਉੱਪਰ ਉਨ੍ਹਾਂ ਦੀ ਅਜਾਰੇਦਾਰੀ ਹੈ ਅਤੇ ਧਨ-ਦੌਲਤ ਤੇ ਸਿੱਖਿਆ ਨਾਲ ਉਨ੍ਹਾਂ ਨੇ ਰਾਜ-ਭਾਗ 'ਤੇ ਕਬਜ਼ਾ ਕਰ ਲਿਆ ਹੈ।


## ਕੰਸਟਰਕੱਸ਼ਨ ਕਰਦੇ ਪੰਜਾਬੀ ਭਰਾਵਾਂ ਲਈ ਖੁਸ਼ਬਰੀ

ਹੁਣ ਯੂਨਾਈਟਿਡ ਤੁਹਾਡੀ ਸੇਵਾ ਲਈ ਹਾਜ਼ਰ ਹਨ।

ਵਾਜਿਬ ਰੇਟ ਅਤੇ ਚੰਗੀ ਸਰਵਿਸ ਦੀ ਗਾਰੰਟੀ ਕਾਲ ਕਰੋ 24 ਘੰਟੇ ਉਪਲਬੱਧ ਹੈ।



UNITED CONTAINERS OF QUEENS, INC.

Roll-Off Containers Service
Commercial-Industrial-Contractors



Free Damage-Demolition & Concrete Removal Dirt Loads

Same Day Service



All for discount prices serving 5 boroughs & Nassau



Available 10, 15, 20 & 30 Yards

Tel: 718-501-1435, 917-855-0419

FULLY LICENSED & INSURED, FAX: 718-441-1576


# ਸੁਪਰੀਮ ਕੋਰਟ ਦਾ ਦੋ ਮੈਂਬਰੀ ਬੈਂਚ ਬਿਨਾਂ ਕੋਈ ਫੈਸਲਾ ਸੁਣਾਏ ਉੱਠਿਆ



ਨਵੀਂ ਦਿੱਲੀ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੱਜ ਸੁਪਰੀਮ ਕੋਰਟ ਤੋਂ ਵੀ ਕੋਈ ਰਾਹਤ ਨਹੀਂ ਮਿਲੀ ਕਿਉਂਕਿ ਦੋ ਜੱਜਾਂ ਦੀ ਸ਼ਮੂਲੀਅਤ ਵਾਲਾ ਬੈਂਚ ਕੇਜਰੀਵਾਲ ਨੂੰ ਅੰਤਰਿਮ ਜਮਾਨਤ ਦੇਣ ਸਬੰਧੀ ਕੋਈ ਫੈਸਲਾ ਸੁਣਾਏ ਬਿਨਾਂ ਹੀ ਉੱਠ ਗਿਆ। ਕਥਿਤ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਮੁਲਜਮ ਕੇਜਰੀਵਾਲ ਨੇ ਲੋਕ ਸਭਾ ਚੋਣਾਂ ਵਿਚ ਪ੍ਰਚਾਰ ਦੇ ਹਵਾਲੇ ਨਾਲ ਅੰਤਰਿਮ ਜਮਾਨਤ ਮੰਗੀ ਸੀ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਅੰਤਰਿਮ ਜਮਾਨਤ ਦੀ ਮੰਗ ਕਰਦੀ ਪਟੀਸ਼ਨ 'ਤੇ ਅੱਜ ਦਿਨੇ ਸੁਣਵਾਈ ਮਗਰੋਂ ਫੈਸਲਾ ਰਾਖਵਾਂ ਰੱਖਦਿਆਂ ਕਿਹਾ ਸੀ ਕਿ ਬਾਅਦ ਦੁਪਹਿਰ 2 ਵਜੇ ਫੈਸਲਾ ਸੁਣਾਇਆ ਜਾਵੇਗਾ, ਪਰ ਬੈਂਚ ਆਪਣਾ ਫੈਸਲਾ ਦਿੱਤੇ ਬਿਨਾਂ ਹੀ ਉੱਠ ਗਿਆ।

ਬੈਂਚ ਨੇ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਤੇ ਵਧੀਕ ਸੌਲੀਸਿਟਰ ਜਨਰਲ ਐੱਸ.ਵੀ.ਰਾਜੂ, ਜੋ ਕ੍ਰਮਵਾਰ ਕੇਜਰੀਵਾਲ ਤੇ ਐੱਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਪੇਸ਼ ਹੋਏ ਸਨ, ਦੀਆਂ ਦਲੀਲਾਂ ਸੁਣਨ ਮਗਰੋਂ ਫੈਸਲਾ ਰਾਖਵਾਂ ਰੱਖ ਲਿਆ ਸੀ। ਜਾਂਚ ਏਜੰਸੀ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਲੋਕ ਸਭਾ ਚੋਣਾਂ ਦੇ ਮੱਦੇਨਜਰ ਕੇਜਰੀਵਾਲ ਨਾਲ ਕਿਸੇ ਤਰ੍ਹਾਂ ਦੀ ਨਰਮੀ ਵਰਤੇ ਜਾਣ ਦਾ ਵਿਰੋਧ ਕੀਤਾ। ਮਹਿਤਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਨੂੰ ਅੰਤਰਿਮ ਜਮਾਨਤ ਦੇਣ ਦਾ ਮਤਲਬ ਸਿਆਸਤਦਾਨਾਂ ਲਈ ਵੱਖਰੀ ਜਮਾਤ ਸਿਰਜਣ ਵਾਂਗ ਹੋਵੇਗਾ। ਬੈਂਚ ਨੇ ਕੇਜਰੀਵਾਲ ਵੱਲੋਂ ਆਪਣੀ ਗ੍ਰਿਫਤਾਰੀ ਨੂੰ ਚੁਣੌਤੀ ਦਿੰਦੀ ਪਟੀਸ਼ਨ ਨੂੰ ਦੋ ਹਿੱਸਿਆਂ ਵਿਚ ਵੰਡਿਆ ਸੀ। ਕੇਜਰੀਵਾਲ ਦੀ ਮੁੱਖ ਪਟੀਸ਼ਨ ਈਡੀ ਵੱਲੋਂ ਕੀਤੀ ਗ੍ਰਿਫਤਾਰੀ ਨੂੰ ਗੈਰਕਾਨੂੰਨੀ ਐਲਾਨੇ ਜਾਣ ਦੀ ਮੰਗ ਕਰਦੀ ਹੈ ਜਦੋਂਕਿ ਦੂਜਾ ਪਹਿਲੂ ਮੌਜੂਦਾ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਅੰਤਰਿਮ ਜਮਾਨਤ ਦੇਣ ਨਾਲ ਸਬੰਧਤ ਹੈ। ਸੁਪਰੀਮ ਕੋਰਟ ਨੇ ਅੰਤਰਿਮ ਜਮਾਨਤ ਦੇਣ ਦੇ ਮੁੱਦੇ 'ਤੇ ਫੈਸਲਾ ਰਾਖਵਾਂ ਰੱਖਿਆ ਹੈ। ਦੋ ਜੱਜਾਂ ਦੇ ਬੈਂਚ ਨੇ ਹਾਲਾਂਕਿ ਉੱਠਣ ਤੋਂ ਪਹਿਲਾਂ ਸੰਕੇਤ ਦਿੱਤਾ ਕਿ ਭਲਕੇ ਜੱਜ ਵੱਖੋ-ਵੱਖਰੇ ਸੁਮੇਲ ਵਿਚ ਬੈਠਣਗੇ, ਅਤੇ ਜੇਕਰ ਬੁੱਧਵਾਰ ਲਈ ਸੂਚੀਬੱਧ ਮਾਮਲਿਆਂ 'ਤੇ ਸੁਣਵਾਈ ਪੂਰੀ ਹੋ ਜਾਂਦੀ ਹੈ ਅਤੇ ਜੱਜਾਂ ਕੋਲ ਸਮਾਂ ਬੱਚਦਾ ਹੈ ਤਾਂ ਉਹ ਕੇਜਰੀਵਾਲ ਦੀ ਈਡੀ ਵੱਲੋਂ ਆਪਣੀ ਗ੍ਰਿਫਤਾਰੀ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਸੁਣਵਾਈ ਮੁੜ ਸ਼ੁਰੂ ਕਰਨਗੇ। ਜਸਟਿਸ ਖੰਨਾ ਨੇ ਅੰਤਰਿਮ ਜਮਾਨਤ ਦੇ ਮੁੱਦੇ 'ਤੇ ਫੈਸਲਾ ਸੁਣਾਉਣ ਲਈ ਬਿਨਾਂ ਕੋਈ ਸਮਾਂ ਸੀਮਾ ਨਿਰਧਾਰਿਤ ਕੀਤਿਆਂ ਕਿਹਾ, "ਜੇਕਰ ਭਲਕੇ ਨਹੀਂ, ਤਾਂ ਅਸੀਂ ਵੀਰਵਾਰ ਨੂੰ ਇਸ 'ਤੇ ਸੁਣਵਾਈ ਕਰ ਸਕਦੇ ਹਾਂ। ਜੇਕਰ ਵੀਰਵਾਰ ਨੂੰ ਵੀ ਨਾ ਹੋਈ ਤਾਂ ਅਸੀਂ ਅਗਲੇ ਹਫਤੇ ਇਸ 'ਤੇ ਸੁਣਵਾਈ ਕਰਾਂਗੇ।"

### ਸਿਸੋਦੀਆ ਤੇ ਕਵਿਤਾ ਦੀ ਨਿਆਂਇਕ ਹਿਰਾਸਤ 'ਚ ਵਾਧਾ

ਨਵੀਂ ਦਿੱਲੀ, ਦਿੱਲੀ ਦੀ ਅਦਾਲਤ ਨੇ ਕਥਿਤ ਆਬਕਾਰੀ ਨੀਤੀ ਨਾਲ ਜੁੜੇ ਕੇਸਾਂ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਨ੍ਹਾਂ ਦੇ ਪਾਰਟੀ ਆਗੂ ਮਨੀਸ਼ ਸਿਸੋਦੀਆ ਤੇ ਭਾਰਤ ਰਾਸ਼ਟਰ ਸਮਿਤੀ ਆਗੂ ਕੇ.ਕਵਿਤਾ ਦੀ ਨਿਆਂਇਕ ਹਿਰਾਸਤ ਵਧਾ ਦਿੱਤੀ ਹੈ। ਕੇਜਰੀਵਾਲ ਦੀ ਨਿਆਂਇਕ ਹਿਰਾਸਤ 20 ਮਈ ਜਦੋਂਕਿ ਸਿਸੋਦੀਆ ਤੇ ਕਵਿਤਾ ਦੀ ਨਿਆਂਇਕ ਹਿਰਾਸਤ ਕ੍ਰਮਵਾਰ 15 ਮਈ ਤੇ 14 ਮਈ ਤੱਕ ਵਧਾਈ ਗਈ ਹੈ। ਭ੍ਰਿਸ਼ਟਾਚਾਰ ਨਾਲ ਜੁੜੇ ਵੱਖਰੇ ਕੇਸ ਵਿਚ ਕਵਿਤਾ ਦੀ ਨਿਆਂਇਕ ਹਿਰਾਸਤ 20 ਮਈ ਤੱਕ ਵਧੀ ਹੈ। ਮਨੀ ਲਾਂਡਰਿੰਗ ਕੇਸ ਦੇ ਸਹਿ-ਮੁਲਜਮ ਚੰਨਪ੍ਰੀਤ ਸਿੰਘ ਦੀ ਨਿਆਂਇਕ ਹਿਰਾਸਤ ਵਿਚ ਵੀ 20 ਮਈ ਤੱਕ ਦਾ ਵਾਧਾ ਕੀਤਾ ਗਿਆ ਹੈ। ਇਨ੍ਹਾਂ ਕੇਸਾਂ ਦੀ ਸੀਬੀਆਈ ਤੇ ਈਡੀ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਕੋਰਟ ਨੇ ਕਵਿਤਾ ਵੱਲੋਂ ਭ੍ਰਿਸ਼ਟਾਚਾਰ ਤੇ ਮਨੀ ਲਾਂਡਰਿੰਗ ਨਾਲ ਜੁੜੇ ਕੇਸਾਂ ਵਿਚ ਦਾਇਰ ਜਮਾਨਤ ਅਰਜੀਆਂ 6 ਮਈ ਨੂੰ ਰੱਦ ਕਰ ਦਿੱਤੀਆਂ ਸਨ। ਇਸ ਦੌਰਾਨ ਜੱਜ ਨੇ ਸਿਸੋਦੀਆ ਖਿਲਾਫ ਦਾਇਰ ਭ੍ਰਿਸ਼ਟਾਚਾਰ ਕੇਸ ਵਿਚ ਦੋਸ਼ ਆਇਦ ਕਰਨ ਨੂੰ ਲੈ ਕੇ ਜਿਰ੍ਹਾ ਲਈ 15 ਮਈ ਦੀ ਤਰੀਕ ਨਿਰਧਾਰਿਤ ਕੀਤੀ ਹੈ।

ਕੇਜਰੀਵਾਲ ਨੂੰ ਰਿਮਾਂਡ ਦੀ ਮਿਆਦ ਖਤਮ ਹੋਣ ਮਗਰੋਂ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਦੀ ਕੋਰਟ ਵਿਚ ਵਰਚੁਅਲੀ ਪੇਸ਼ ਕੀਤਾ ਗਿਆ ਸੀ। ਈਡੀ ਨੇ ਕੇਜਰੀਵਾਲ ਨੂੰ 21 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ। ਮੌਜੂਦਾ ਸਮੇਂ ਕੇਜਰੀਵਾਲ, ਸਿਸੋਦੀਆ ਤੇ ਕਵਿਤਾ ਨੂੰ ਨਿਆਂਇਕ ਹਿਰਾਸਤ ਤਹਿਤ ਤਿਹਾੜ ਜੇਲ੍ਹ ਵਿਚ ਰੱਖਿਆ ਗਿਆ ਹੈ।

# OMNI MORTGAGE

## Your Trusted Name in Mortgages since 1996

### Residential & Commercial Mortgage



Construction Loans
Mix Use Properties
Renovation Loan
Purchase
Refinance
SBA Loans
FHA Loans



**Mohinder Singh**
mohinder@omnimortgage.com
Cell: 646-523-5092 NMLS# 22689

**Herman Singh**
herman@omnimortgage.com
NMLS# 22080

**718-441-7000**
118-18 101 Avenue
Richmond Hill, NY 11419

**516-441-7000**
16 E. Old Country Road
Hicksville, NY 11801

Registered Mortgage Broker - NYS Dept of Financial Services. Loans arranged through 3rd party Providers. NMLS# 20542 & 1071249

Advt. Shaanepunjabusa.com

# ਪੱਤਰਕਾਰ ਤੱਗੜ ਦੀ ਗ੍ਰਿਫ਼ਤਾਰੀ ਅਤੇ ਸਰਕਾਰ ਦੀ ਪਹੁੰਚ




ਮੁੱਖ ਧਾਰਾ ਦੇ ਕਈ ਮੀਡੀਆ ਅਦਾਰਿਆਂ ਲਈ ਕੰਮ ਕਰ ਚੁੱਕੇ ਸੀਨੀਅਰ ਪੱਤਰਕਾਰ ਰਾਜਿੰਦਰ ਸਿੰਘ ਤੱਗੜ ਦੀ ਪੁਲਿਸ ਵੱਲੋਂ ਕੀਤੀ ਗ੍ਰਿਫਤਾਰੀ ਪ੍ਰੈੱਸ ਦੀ ਸੰਘੀ ਘੁੱਟਣ ਵਾਲੀ ਕਾਰਵਾਈ ਹੈ। ਪੁਲਿਸ ਵੱਲੋਂ ਇਸ ਗ੍ਰਿਫਤਾਰੀ ਨੂੰ ਭਾਵੇਂ ਪੰਜਾਬ ਪੁਲਿਸ ਦੇ ਬਰਖ਼ਾਸਤ ਏ.ਆਈ.ਜੀ. ਮਾਲਵਿੰਦਰ ਸਿੰਘ ਸਿੱਧੂ ਦੇ ਮਾਮਲੇ ਨਾਲ ਜੋੜਿਆ ਗਿਆ ਹੈ ਪਰ ਹਕੀਕਤ ਵਿਚ ਪੁਲਿਸ ਦੀ ਇਹ ਕਾਰਵਾਈ ਵਿਰੋਧੀ ਆਵਾਜ਼ਾਂ ਨੂੰ ਚੁੱਪ ਕਰਵਾਉਣ ਵਾਲੀ ਹੈ। ਪੱਤਰਕਾਰ ਰਾਜਿੰਦਰ ਸਿੰਘ ਤੱਗੜ ਨੂੰ ਕੁਝ ਦਿਨ ਪਹਿਲਾਂ ਇਹ ਸੰਕੇਤ ਮਿਲਿਆ ਸੀ ਕਿ ਪੁਲਿਸ ਉਸ ਨੂੰ ਗ੍ਰਿਫਤਾਰ ਕਰ ਸਕਦੀ ਹੈ। ਇਸੇ ਕਰ ਕੇ ਉਸ ਨੇ ਅਦਾਲਤ ਵਿਚ ਅਰਜੀ ਦਾਇਰ ਕਰ ਕੇ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਪੁਲਿਸ ਉਸ ਨੂੰ ਐਫ.ਆਈ.ਆਰ. ਨੰਬਰ 7 ਵਿਚ ਬਗੈਰ ਕਿਸੇ ਕਾਰਨ ਗ੍ਰਿ.ਫਤਾਰ ਕਰ ਸਕਦੀ ਹੈ। ਅਦਾਲਤ ਵਿਚ ਪੁਲਿਸ ਨੇ ਆਪਣਾ ਪੱਖ ਰੱਖਦਿਆਂ ਦਾਅਵਾ ਕੀਤਾ ਸੀ ਕਿ ਜਦਐਫ.ਆਈ.ਆਰ. ਵਿਚ ਤੱਗੜ ਦਾ ਨਾਮ ਹੀ ਨਹੀਂ ਹੈ ਤਾਂ ਫਿਰ ਗ੍ਰਿਫਤਾਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਦਾਲਤ ਨੇ ਨਿਰਦੇਸ਼ ਦਿੱਤੇ ਸਨ ਕਿ ਸਬੰਧਿਤ ਐਫ.ਆਈ.ਆਰ. ਨੰਬਰ 7 ਵਿਚ ਪੁਲਿਸ ਨੇ ਜੇਕਰ ਤੱਗੜ ਨੂੰ ਗ੍ਰਿਫਤਾਰ ਕਰਨਾ ਹੋਵੇ ਤਾਂ ਉਸ ਦੀ ਗ੍ਰਿ.ਫਤਾਰੀ ਤੋਂ ਪਹਿਲਾਂ ਸੱਤ ਦਿਨਾਂ ਦਾ ਨੋਟਿਸ ਦੇਣ ਦੀ ਹਦਾਇਤ ਕੀਤੀ ਸੀ ਪਰ ਪੁਲਿਸ ਵੱਲੋਂ ਅਦਾਲਤੀ ਹੁਕਮਾਂ ਦੀ ਅਣਦੇਖੀ ਕਰਦਿਆਂ ਇਕ ਹੋਰ ਐਫ.ਆਈ.ਆਰ. ਵਿਚ ਤੱਗੜ ਨੂੰ ਗ੍ਰਿ.ਫਤਾਰ ਕਰ ਲਿਆ। ਪੁਲਿਸ ਵੱਲੋਂ ਪੱਤਰਕਾਰ ਰਾਜਿੰਦਰ ਤੱਗੜ ਨੂੰ ਮੁਹਾਲੀ ਦੀ ਅਦਾਲਤ ਵਿਚ ਪੇਸ਼ ਕਰ ਕੇ ਪੁਲਿਸ ਰਿਮਾਂਡ ਦੀ ਮੰਗ ਕਰਨ ਸਮੇਂ ਅਦਾਲਤ ਵਿਚ ਕਿਹਾ ਕਿ ਉਸ ਤੋਂ ਫੰਡਿੰਗ ਦੇ ਸਰੋਤ ਬਾਰੇ ਪਤਾ ਕਰਨਾ ਹੈ ਜਦਕਿ ਅਜਿਹੇ ਕੋਈ ਠੋਸ ਤੱਥ ਪੁਲਿਸ ਪੇਸ਼ ਨਹੀਂ ਕਰ ਸਕੀ ਹੈ। ਭਾਰਤ ਵਿਚ ਕਈ ਲੋਕਾਂ ਨੇ ਜਾਅਲੀ ਜਾਤੀ ਸਰਟੀਫਿਕੇਟਾਂ ਦੇ ਆਧਾਰ ਉੱਪਰ ਸਰਕਾਰੀ ਨੌਕਰੀਆਂ ਹਾਸਲ ਕੀਤੀਆਂ ਹੋਈਆਂ ਹਨ ਜਿਨ੍ਹਾਂ ਖਿਲਾਫ ਮੁਹਾਲੀ ਵਿਚ 'ਰਿਜ਼ਰਵੇਸ਼ਨ ਚੋਰ ਫੜੋ' ਮੁਹਿੰਮ ਤਹਿਤ ਮੋਰਚਾ ਚੱਲ ਰਿਹਾ ਹੈ। ਸਰਕਾਰ ਵੱਲੋਂ ਉਸ ਮੋਰਚੇ ਵੱਲੋਂ ਚਿੰਨ੍ਹਤ ਕੀਤੇ ਜਾਅਲੀ ਸਰਟੀਫਿਕੇਟਾਂ ਵਾਲੇ 'ਰਸੂਖਵਾਨਾਂ' ਖਿਲਾਫ ਕਾਰਵਾਈ ਕਰਨ ਦੀ ਬਜਾਇ ਇਸ ਮੋਰਚੇ ਨੂੰ ਫੰਡਿੰਗ ਦੀ ਕਹਾਣੀ ਘੜ ਕੇ ਕੇਸ ਦਰਜ ਕੀਤਾ ਗਿਆ ਹੈ ਜਿਸ ਦੇ ਲਪੇਟੇ ਵਿਚ ਪੱਤਰਕਾਰ ਤੱਗੜ ਨੂੰ ਵੀ ਲਿਆ ਗਿਆ ਹੈ। ਦਰਅਸਲ, ਪੁਲਿਸ ਨੇ ਬਰਖ਼ਾਸਤ ਏ.ਆਈ.ਜੀ. ਖਿਲਾਫ ਮੁਹਾਲੀ ਦੇ ਫੇਜ਼-1 ਥਾਣੇ ਵਿਚ 'ਰਿਜ਼ਰਵੇਸ਼ਨ ਚੋਰ ਫੜੋ' ਮੁਹਿੰਮ ਤਹਿਤ ਲੱਗੇ ਮੋਰਚੇ ਨੂੰ ਫੰਡਿੰਗ ਦਾ ਕੇਸ ਦਰਜ ਕੀਤਾ ਹੈ; ਪੱਤਰਕਾਰ ਤੱਗੜ ਨੂੰ ਇਸ ਮਾਮਲੇ ਵਿਚ ਸਹਿ ਮੁਲਜ਼ਮ ਬਣਾਇਆ ਗਿਆ ਹੈ। ਇਹ ਉਸੇ ਤਰ੍ਹਾਂ ਦਾ ਮਾਮਲਾ ਹੈ ਜਿਸ ਤਰ੍ਹਾਂ ਦਾ ਮਾਮਲਾ ਕੇਂਦਰ ਸਰਕਾਰ ਵੱਲੋਂ ਨਾਮੀ ਮੀਡੀਆ ਅਦਾਰੇ 'ਨਿਊਜ਼ ਕਲਿੱਕ' ਖਿਲਾਫ ਦਰਜ ਕਰ ਕੇ ਪੱਤਰਕਾਰਾਂ ਨੂੰ ਗ੍ਰਿਫਤਾਰ ਕੀਤਾ ਸੀ। ਕੇਂਦਰ ਸਰਕਾਰ ਵੱਲੋਂ ਨਿਊਜ਼ ਕਲਿੱਕ ਖਿਲਾਫ ਕੀਤੀ ਗੈਰ-ਜਮਹੂਰੀ ਕਾਰਵਾਈ ਦੀ ਤਰਜ਼ ਉੱਪਰ ਹੀ ਪੰਜਾਬ ਸਰਕਾਰ ਵੱਲੋਂ ਪੱਤਰਕਾਰ ਤੱਗੜ ਖਿਲਾਫ ਕਾਰਵਾਈ ਕੀਤੀ ਗਈ ਹੈ। ਸਾਫ ਹੈ ਕਿ ਕੌਮੀ ਪੱਧਰ 'ਤੇ ਮੁੱਖ ਧਾਰਾ ਮੀਡੀਆ ਦੇ ਲੋਕ ਵਿਰੋਧੀ ਰੋਲ 'ਤੇ 'ਗੋਦੀ ਮੀਡੀਆ' ਦਾ ਰੌਲਾ ਪਾਉਣ ਵਾਲੀ ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਉਸੇ ਤਰ੍ਹਾਂ ਦਾ ਕਿਰਦਾਰ ਅਪਣਾਇਆ ਹੈ ਜਿਸ ਤਰ੍ਹਾਂ ਦਾ ਕੇਂਦਰੀ ਪੱਧਰ 'ਤੇ ਭਾਜਪਾ ਨੇ ਅਪਣਾਇਆ ਹੋਇਆ ਹੈ। ਅਸਲ ਵਿਚ, ਪੱਤਰਕਾਰ ਤੱਗੜ ਵੱਲੋਂ ਪੰਜਾਬ ਅਗੇਂਸਟ ਕੁਰੱਪਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਦਾਊਂ ਨਾਲ ਮਿਲ ਕੇ ਅਮਰੂਦ ਬਾਗ ਘੁਟਾਲੇ ਸਮੇਤ ਪੁਲਿਸ ਤੰਤਰ ਖ਼ਿਲਾ.ਫ ਵੱਖ-ਵੱਖ ਰਿਪੋਰਟਾਂ ਨਸ਼ਰ ਕੀਤੀਆਂ ਗਈਆਂ ਸਨ ਜਿਸ ਕਾਰਨ ਸਰਕਾਰ ਵੱਲੋਂ ਉਸ ਨੂੰ ਬਦਨਾਮ ਕਰਨ ਲਈ ਝੂਠੇ ਕੇਸ ਵਿਚ ਫਸਾਇਆ ਗਿਆ ਹੈ। ਪੰਜਾਬ ਵਿਚ ਬਿਊਰੋਕਰੇਟਾਂ ਖਾਸਕਰ ਆਈ.ਏ.ਐਸ. ਤੇ ਆਈ.ਪੀ.ਐਸ. ਅਫਸਰਾਂ ਦਾ ਸਿਆਸਤਦਾਨਾਂ ਨਾਲ ਗੱਠਜੋੜ ਚੱਲ ਰਿਹਾ ਹੈ। ਇਸ ਗੱਠਜੋੜ ਨੇ ਅਮਰੂਦ ਬਾਗ ਘੁਟਾਲੇ ਨੂੰ ਅੰਜਾਮ ਦਿੱਤਾ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪੁਲਿਸ ਨੇ ਤੱਗੜ ਨਾਲ ਕੰਮ ਕਰਦੇ ਵੀਡੀਓ ਐਡੀਟਰ ਨੂੰ ਵੀ ਕੁੱਟਿਆ ਅਤੇ ਜ਼ਲੀਲ ਕੀਤਾ ਹੈ। ਇਸ ਤੋਂ ਇਲਾਵਾ ਤੱਗੜ ਦਾ ਫੋਨ ਪੁਲਿਸ ਲੈ ਗਈ ਤੇ ਘਰ ਨੂੰ ਜਿੰਦਰਾ ਲਾ ਕੇ ਉਸ ਦੇ ਘਰ ਦੀਆਂ ਚਾਬੀਆਂ ਵੀ ਪੁਲਿਸ ਨਾਲ ਲੈ ਗਈ। ਚੰਡੀਗੜ੍ਹ ਪ੍ਰੈੱਸ ਕਲੱਬ ਅਤੇ ਮੁਹਾਲੀ ਪ੍ਰੈੱਸ ਕਲੱਬ ਵੱਲੋਂ ਪੱਤਰਕਾਰ ਰਾਜਿੰਦਰ ਸਿੰਘ ਤੱਗੜ ਦੀ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਇਸ ਮਾਮਲੇ ਉੱਪਰ ਸੰਘਰਸ਼ ਵੀ ਕੀਤਾ ਜਾ ਰਿਹਾ ਹੈ। ਇਹਨਾਂ ਕਲੱਬਾਂ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਨਿਊਜ਼ ਕਲਿੱਕ ਦੇ ਪੱਤਰਕਾਰਾਂ ਨੂੰ ਫੜਿਆ ਹੈ, ਉਸੇ ਤਰੀਕੇ ਨਾਲ ਹੀ ਤੱਗੜ ਨੂੰ ਗ੍ਰਿਫਤਾਰ ਕਰ ਕੇ ਮਾਮਲੇ ਰਾਹੀਂ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਪ੍ਰੈੱਸ ਕਲੱਬ ਆਫ ਇੰਡੀਆ ਵੱਲੋਂ ਵੀ ਪ੍ਰੈੱਸ ਬਿਆਨ ਜਾਰੀ ਕਰ ਕੇ ਪੱਤਰਕਾਰ ਰਾਜਿੰਦਰ ਸਿੰਘ ਤੱਗੜ ਦੀ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਇਸ ਨੂੰ ਮੀਡੀਆ ਦੀ ਆਜ਼ਾਦੀ ਉੱਪਰ ਹਮਲਾ ਕਰਾਰ ਦਿੱਤਾ ਗਿਆ ਹੈ। ਕਾਂਗਰਸ ਦੀ ਸੱਤਾ ਸਮੇਂ ਜਦ ਇੰਦਰਾ ਗਾਂਧੀ ਨੇ 1975 ਵਿਚ ਐਮਰਜੈਂਸੀ ਲਗਾਈ ਸੀ, ਪ੍ਰੈੱਸ ਦੀ ਆਜ਼ਾਦੀ ਸਿੱਧੇ ਤੌਰ 'ਤੇ ਖਤਮ ਕਰ ਦਿੱਤੀ ਗਈ ਸੀ ਪਰ ਅੱਜ ਦੇ ਹਾਲਾਤ ਵੀ ਉਸ ਤੋਂ ਵੱਖਰੇ ਨਹੀਂ ਹਨ ਕਿਉਂਕਿ ਅੱਜ ਅਣ-ਐਲਾਨੀ ਐਮਰਜੈਂਸੀ ਵਾਲੇ ਹਾਲਾਤ ਹਨ। ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਮੀਡੀਆ ਨੂੰ ਸਿੱਧੇ ਤੌਰ 'ਤੇ ਆਪਣੇ ਕੰਟਰੋਲ ਵਿਚ ਕਰਨ ਦੀ ਥਾਂ ਟੇਢੇ ਢੰਗ ਨਾਲ ਆਪਣੇ ਕੰਟਰੋਲ ਹੇਠ ਕੀਤਾ ਜਾ ਰਿਹਾ ਹੈ ਤੇ ਕੰਟਰੋਲ ਹੇਠ ਨਾ ਆਉਣ ਵਾਲੇ ਪੱਤਰਕਾਰ ਗ੍ਰਿਫਤਾਰ ਕੀਤੇ ਜਾ ਰਹੇ ਹਨ। ਕੌਮਾਂਤਰੀ ਪੱਧਰ ਉੱਪਰ ਵੀ ਹਾਲਾਤ ਇਸੇ ਤਰ੍ਹਾਂ ਦੇ ਹਨ। ਯੂਨੈਸਕੋ ਦੀ ਜਨਵਰੀ 2023 ਵਿਚ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ 2022 ਵਿਚ 86 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ। ਵੱਖ-ਵੱਖ ਸਰਵੇਖਣਾਂ ਅਨੁਸਾਰ ਹਰ ਸਾਲ 250 ਤੋਂ ਵੱਧ ਪੱਤਰਕਾਰਾਂ ਨੂੰ ਨਜ਼ਰਬੰਦ ਕੀਤਾ ਜਾਂਦਾ ਹੈ। 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਅਨੁਸਾਰ ਪਿਛਲੇ 20 ਸਾਲਾਂ ਦੌਰਾਨ ਦੁਨੀਆ ਭਰ ਵਿਚ 1668 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ਹੈ। ਇਸ ਸੰਸਥਾ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਭਾਰਤ ਵਿਚ ਮੀਡੀਆ ਦੀ ਆਜ਼ਾਦੀ ਨੂੰ ਲਗਾਤਾਰ ਖੋਰਾ ਲਾਇਆ ਜਾ ਰਿਹਾ ਹੈ। 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਵੱਲੋਂ 180 ਦੇਸ਼ਾਂ ਵਿਚ ਹਰ ਵਰ੍ਹੇ ਕੀਤੇ ਜਾਂਦੇ ਸਰਵੇਖਣ ਅਨੁਸਾਰ 2016 ਵਿਚ ਭਾਰਤ 133ਵੇਂ ਸਥਾਨ 'ਤੇ ਸੀ ਜੋ 2021 ਵਿਚ 142ਵੇਂ ਅਤੇ 2022 ਵਿਚ 150ਵੇਂ ਸਥਾਨ 'ਤੇ ਗਿਆ। ਅਮਰੀਕਾ, ਇੰਗਲੈਂਡ, ਚੀਨ, ਰੂਸ ਵਰਗੇ ਪੂੰਜੀਵਾਦੀ ਮੁਲਕਾਂ ਵਿਚ ਵੀ ਮੀਡੀਆ 'ਤੇ ਤਮਾਮ ਤਰ੍ਹਾਂ ਦੀਆਂ ਪਾਬੰਦੀਆਂ ਮੜ੍ਹੀਆਂ ਹੋਈਆ ਹਨ ਤੇ ਉੱਥੇ ਵੀ ਮੁੱਖ ਧਾਰਾ ਮੀਡੀਆ ਸਰਕਾਰ ਵੱਲੋਂ ਵਾਹੀ ਲਾਈਨ ਘੱਟ ਕਰਾਸ ਕਰਦਾ ਹੈ। ਇਹ ਤੱਥ ਹਨ ਕਿ ਸਰਕਾਰ ਵੱਲੋਂ ਪੁਲਿਸ ਅਤੇ ਤ.ਫਤੀਸ਼ ਏਜੰਸੀਆਂ ਰਾਹੀਂ ਪੱਤਰਕਾਰੀ ਦੇ ਖੇਤਰ ਵਿਚ ਦਖ਼ਲ ਦਿੱਤਾ ਜਾ ਰਿਹਾ ਹੈ। ਪਿਛਲੇ ਸਮੇਂ ਤੋਂ ਕਈ ਪੱਤਰਕਾਰ ਜੇਲ੍ਹ ਵਿਚ ਹਨ ਅਤੇ ਕਈਆਂ ਦੇ ਘਰਾਂ ਤੇ ਦ.ਫਤਰਾਂ 'ਤੇ ਛਾਪੇ ਮਾਰ ਕੇ ਉਨ੍ਹਾਂਕੰਪਿਊਟਰ, ਲੈਪਟਾਪ ਤੇ ਮੋਬਾਈਲ ਫੋਨ ਜ਼ਬਤ ਕੀਤੇ ਗਏ ਹਨ। ਪਿਛਲੇ ਵਰ੍ਹੇ 'ਫਾਊਂਡੇਸ਼ਨ ਫਾਰ ਮੀਡੀਆ ਪ੍ਰੋਫੈਸ਼ਨਲਜ਼' ਵੱਲੋਂ ਇੱਕ ਹੋਰ ਸੰਸਥਾ ਨਾਲ ਮਿਲ ਕੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਏਜੰਸੀਆਂ ਵੱਲੋਂ ਪੱਤਰਕਾਰਾਂ ਦੇ ਕੰਪਿਊਟਰਾਂ, ਲੈਪਟਾਪਾਂ ਤੇ ਮੋਬਾਈਲ ਫੋਨਾਂ ਨੂੰ ਜ਼ਬਤ ਕਰਨ ਦਾ ਮਾਮਲਾ ਉਠਾਇਆ ਗਿਆ ਸੀ ਜਿਸ ਉੱਪਰ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਸੀ ਕਿ 'ਸਮੱਸਿਆ ਇਹ ਹੈ ਕਿ ਉਹ ਮੀਡੀਆ ਪੇਸ਼ੇਵਰ ਹਨ। ਉਨ੍ਹਾਂ ਦੇ ਆਪਣੇ ਸਰੋਤ ਹਨ। ਹੁਣ, ਜੇ ਤੁਸੀਂ ਸਭ ਕੁਝ ਉਨ੍ਹਾਂ ਤੋਂ ਖੋਹ ਲਵੋ ਤਾਂ ਸਮੱਸਿਆ ਪੈਦਾ ਹੋ ਜਾਂਦੀ ਹੈ।' ਮਤਲਬ ਸਾਫ ਹੈ ਕਿ ਸੁਪਰੀਮ ਕੋਰਟ ਦੇ ਸਪੱਸ਼ਟ ਨਿਰਦੇਸ਼ ਹੋਣ ਦੇ ਬਾਵਜੂਦ ਪੁਲਿਸ ਵੱਲੋਂ ਪੱਤਰਕਾਰ ਤੱਗੜ ਦਾ ਮੋਬਾਈਲ ਸਮੇਤ ਸਮਾਨ ਆਪਣੇ ਕੋਲ ਰੱਖਿਆ ਹੋਇਆ ਹੈ। ਸੁਪਰੀਮ ਕੋਰਟ ਨੇ ਪੱਤਰਕਾਰਾਂ ਦੇ ਆਪਣੇ ਸਰੋਤਾਂ ਨੂੰ ਗੁਪਤ ਰੱਖਣ ਦੇ ਅਧਿਕਾਰ ਬਾਰੇ ਵੀ ਟਿੱਪਣੀ ਕਰਦਿਆਂ ਕਿਹਾ ਸੀ ਕਿ ਨਿੱਜਤਾ ਦਾ ਅਧਿਕਾਰ ਮੌਲਿਕ ਅਧਿਕਾਰ ਹੈ ਪਰ ਸਰਕਾਰਾਂ ਤੇ ਇਹਨਾਂ ਦੀ ਅਗਵਾਈ ਵਾਲੀਆਂ ਏਜੰਸੀਆਂ ਇਸ ਮੌਲਿਕ ਅਧਿਕਾਰ ਨੂੰ ਕੁਚਲਣ ਲੱਗੀਆਂ ਹੋਈਆ ਹਨ। ਇੱਕ ਪਾਸੇ ਤਾਂ ਸਰਕਾਰ ਪੱਤਰਕਾਰਾਂ ਦੀ ਆਵਾਜ਼ ਨੂੰ ਦਬਾਉਣ ਲੱਗੀ ਹੋਈ ਹੈ; ਦੂਜੇ ਪਾਸੇ ਸੱਤਾ ਧਿਰ ਨਾਲ ਸਬੰਧਿਤ ਕਈ ਮੰਤਰੀਆਂ/ ਵਿਧਾਇਕਾਂ ਉੱਪਰ ਲੱਗੇ ਗੰਭੀਰ ਕਿਸਮ ਦੇ ਦੋਸ਼ਾਂ ਉੱਪਰ ਸਰਕਾਰ ਨੇ ਚੁੱਪ ਧਾਰੀ ਹੋਈ ਹੈ। 'ਬਦਲਾਅ' ਦਾ ਸੱਦਾ ਦੇ ਕੇ ਸੱਤਾ ਵਿਚ ਆਈ ਭਗਵੰਤ ਮਾਨ ਸਰਕਾਰ ਵੱਲੋਂ ਪੱਤਰਕਾਰਾਂ, ਵੈੱਬ ਚੈਨਲਾਂ ਖਿਲਾਫ ਕੀਤੀ ਇਹ ਪਹਿਲੀ ਕਾਰਵਾਈ ਨਹੀਂ ਬਲਕਿ ਪਿਛਲੇ ਦੋ ਸਾਲਾਂ ਵਿਚ ਕਈ ਅਦਾਰੇ/ਪੱਤਰਕਾਰ ਸਰਕਾਰ ਦਾ ਨਿਸ਼ਾਨਾ ਬਣ ਚੁੱਕੇ ਹਨ।

ਲੇਖਕ-ਨਵਕਿਰਨ ਸਿੰਘ ਪੱਤੀ


ਅਸੀਂ ਬਹੁਤ ਹੀ ਸੌਖੇ ਢੰਗ ਨਾਲ ਅੰਗ੍ਰੇਜ਼ੀ ਬੋਲਣਾ ਸਿਖਾਉਂਦੇ ਹਾਂ

ਵਿਰਾਸਤ-ਏ-ਖਾਲਸਾ
114-11-101 Ave-Richmond Hill



ਇਕ ਖ਼ੂਬਸੂਰਤ ਸਟੋਰ ਜਿਸ ਵਿਚ ਸਿੱਖ ਧਰਮ ਦਾ ਇਤਿਹਤਾਸ ਦਸਤਾਰਾਂ, ਦੁਪਟੇ, ਗੁਟਕੇ ਅਤੇ ਧਾਰਮਿਕ ਕਿਤਾਬਾਂ ਮਿਲਦੀਆਂ ਹਨ

ਫੋਨਾਂ ਵਿਚ ਲਾਂਗ ਡਿਸਟਿਨਸ ਕਾਲ ਕਰਨ ਲਈ ਪੈਸੇ ਪੁਆਓ, ਜਾਂ ਨਵੇਂ ਫੋਨ ਲਓ ਤੇ ਜਾਂ ਫੋਨਾਂ ਸਬੰਧੀ ਕੋਈ ਵੀ ਐਕਸੈਸਰੀ ਖਰੀਦੋ।

ਵਧੀਆਂ ਕਸਟਮਰਜ ਸਰਵਿਸ ਅਤੇ ਚੰਗੀ ਬੋਲ ਬਾਣੀ ਸਾਡੀ ਪਹਿਚਾਣ ਹੈ।



ਅਸੀਂ ਇੰਡੀਆ ਪੈਸੇ ਵੀ ਭੇਜਦੇ ਹਾਂ।

ਦਰਸ਼ਨ ਦਿਓ ਜੀ
ਸੁਰਿੰਦਰ ਕੌਰ ਰਾਇ (ਗੁੜੀਆ)
ਫੋਨ ਨੰ. 347-484-4322, 92936-55400

FEDEX SERVICE
ਉਪਲਬਧ ਹੈ। ਦੇਸ਼ ਵਿਦੇਸ਼ ਵਿਚ ਕੋਰੀਅਰ ਭੇਜਣ ਲਈ ਸੰਪਰਕ ਕਰੋ।

Money Gram
ਸਰਵਿਸ ਵੀ ਉਪਲਬਧ ਹੈ।

ORIGINAL MOVIES
718-441-6516
BJ





B J B J
Digital Video & Photos
All Work In Digitsl
Wedding Birthday, Ring Ceremony, Sweet Sixteen & All other Function
Experience 22 Year
Ph: 718-441-6516, Cell No. 646-403-7334

# ਦਵਿੰਦਰ ਪਾਲ ਭੁੱਲਰ ਦੀ ਰਿਹਾਈ ਲਈ ਸਿੱਖਜ਼ ਫਾਰ ਜਸਟਿਸ ਤੋਂ ਫੰਡ ਲੈਣ ਦਾ ਦੋਸ਼



ਨਵੀਂ ਦਿੱਲੀ, (ਸ਼.ਪ.)-ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੇ ਪਾਬੰਦੀਸ਼ੁਦਾ ਅਤਿਵਾਦੀ ਜਥੇਬੰਦੀ 'ਸਿੱਖਜ ਫਾਰ ਜਸਟਿਸ' ਤੋਂ ਕਥਿਤ ਤੌਰ 'ਤੇ ਫੰਡ ਹਾਸਲ ਕਰਨ ਦੇ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ ਐੱਨਆਈਏ ਜਾਂਚ ਦੀ ਸਿਫਾਰਸ਼ ਕੀਤੀ ਹੈ। ਰਾਜ ਨਿਵਾਸ ਦੇ ਸੂਤਰਾਂ ਨੇ ਅੱਜ ਇਹ ਜਾਣਕਾਰੀ ਦਿੱਤੀ। ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਇਹ ਸਿਫਾਰਸ਼ ਭਾਜਪਾ ਵੱਲੋਂ ਕੇਜਰੀਵਾਲ ਖਲਿਾਫ ਇੱਕ ਹੋਰ ਸਾਜਸ਼ਿ ਹੈ। ਕੇਂਦਰੀ ਗ੍ਰਹਿ ਸਕੱਤਰ ਨੂੰ ਲਿਖੇ ਪੱਤਰ 'ਚ ਉੱਪ ਰਾਜਪਾਲ ਸਕੱਤਰੇਤ ਨੇ ਕਿਹਾ ਕਿ ਸਕਸੈਨਾ ਨੂੰ ਸ਼ਿਕਾਇਤ ਮਿਲੀ ਸੀ ਕਿ ਕੇਜਰੀਵਾਲ ਦੀ ਅਗਵਾਈ ਹੇਠਲੀ 'ਆਪ' ਨੂੰ ਕਥਿਤ ਤੌਰ 'ਤੇ ਦਵਿੰਦਰਪਾਲ ਭੁੱਲਰ ਦੀ ਰਿਹਾਈ ਲਈ ਕੱਟੜਪੰਥੀ ਖਾਲਿਸਤਾਨੀ ਸਮੂਹਾਂ ਤੋਂ 1.6 ਕਰੋੜ ਡਾਲਰ ਦੀ ਵਿੱਤੀ ਮਦਦ ਪ੍ਰਾਪਤ ਹੋਈ ਸੀ। ਸਕਸੈਨਾ ਨੇ ਕਿਹਾ, 'ਸ਼ਿਕਾਇਤਕਰਤਾ ਵੱਲੋਂ ਦਿੱਤੇ ਗਏ ਇਲੈਕਟ੍ਰੌਨਿਕਸ ਸਬੂਤਾਂ ਦੀ ਫੋਰੈਂਸਿਕ ਪੜਤਾਲ ਸਮੇਤ ਹੋਰ ਜਾਂਚ ਦੀ ਲੋੜ ਹੈ।' ਪੱਤਰ 'ਚ ਕਿਹਾ ਗਿਆ ਹੈ ਕਿ ਸ਼ਿਕਾਇਤ ਇੱਕ ਮੁੱਖ ਮੰਤਰੀ ਖਲਿਾਫ ਕੀਤੀ ਗਈ ਹੈ ਅਤੇ ਇਹ ਇੱਕ ਪਾਬੰਦੀਸ਼ੁਦਾ ਅਤਿਵਾਦੀ ਜਥੇਬੰਦੀ ਤੋਂ ਪ੍ਰਾਪਤ ਸਿਆਸੀ ਫੰਡਾਂ ਨਾਲ ਸਬੰਧਤ ਹੈ। ਇਹ ਕਦਮ ਸੁਪਰੀਮ ਕੋਰਟ ਵੱਲੋਂ ਮੌਜੂਦਾ ਲੋਕ ਸਭਾ ਚੋਣਾਂ ਦੇ ਮੱਦੇਨਜਰ ਕੇਜਰੀਵਾਲ ਨੂੰ ਅੰਤਰਿਮ ਜਮਾਨਤ ਦੇਣ 'ਤੇ ਵਿਚਾਰ ਕੀਤੇ ਜਾਣ ਤੋਂ ਇੱਕ ਦਿਨ ਪਹਿਲਾਂ ਆਇਆ ਹੈ। ਕੇਜਰੀਵਾਲ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ 'ਚ ਤਿਹਾੜ ਜੇਲ੍ਹ ਵਿੱਚ ਬੰਦ ਹਨ।

## ਪੰਜਾਬ ਦੇ 70 ਫੀਸਦ ਖੇਤਾਂ ਤੱਕ ਪਹੁੰਚੇਗਾ ਨਹਿਰੀ ਪਾਣੀ : ਭਗਵੰਤ ਮਾਨ



ਸੁਨਾਮ ਊਧਮ ਸਿੰਘ ਵਾਲਾ, (ਸ਼.ਪ.)-ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਦੇ ਹੱਕ ਵਿੱਚ ਅੱਜ ਇੱਥੇ ਕੀਤੀ ਗਈ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਗਏ ਵਾਅਦਿਆਂ ਤੋਂ ਕਿਤੇ ਵੱਧ ਕੰਮ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਸੱਤਾ ਸੰਭਾਲੀ ਸੀ ਉਦੋਂ ਨਹਿਰੀ ਪਾਣੀ ਦਾ ਸਿਰਫ 21 ਫੀਸਦ ਖੇਤਾਂ ਤੱਕ ਜਾਂਦਾ ਸੀ ਜੋ ਹੁਣ 59 ਫੀਸਦੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਆਉਂਦੀ ਅਕਤੂਬਰ ਤੱਕ 70 ਫੀਸਦੀ ਖੇਤੀ ਰਕਬਾ ਨਹਿਰੀ ਪਾਣੀ ਨਾਲ ਸਿੰਜਾਈ ਯੋਗ ਹੋ ਜਾਵੇਗਾ। ਇਸ ਨਾਲ ਧਰਤੀ ਹੇਠਲਾ ਪਾਣੀ ਬਚੇਗਾ ਜਿਸ ਨਾਲ ਬਿਜਲੀ ਦੀ ਬਚਤ ਹੋਵੇਗੀ ਅਤੇ ਉਸੇ ਬਚਤ 'ਚੋਂ ਔਰਤਾਂ ਨੂੰ ਹਜਾਰ ਰੁਪਏ ਪ੍ਰਤੀ ਮਹੀਨਾ ਦਿੱਤੀ ਜਾਣ ਵਾਲੀ ਸਹੂਲਤ ਸ਼ੁਰੂ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਝੋਨੇ ਦੀ ਪੂਸਾ 44 ਕਿਸਮ ਨਾ ਬੀਜਣ ਦਾ ਸੱਦਾ ਦਿੰਦਿਆਂ ਪੀਆਰ 126 ਅਤੇ 127 ਕਿਸਮ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵੀ ਸੰਬੋਧਨ ਕੀਤਾ। ਮੀਤ ਹੇਅਰ ਨੇ ਕਿਹਾ ਕਿ ਉਹ ਸੰਗਰੂਰ ਹਲਕੇ ਦੇ ਹਨ ਜਦਕਿ ਬਾਕੀ ਉਮੀਦਵਾਰ ਬਾਹਰਲੇ ਹਨ। ਉਨ੍ਹਾਂ ਕਿਹਾ ਕਿ ਉਹ ਸੰਗਰੂਰ ਦੇ ਲੋਕਾਂ ਦੀ ਆਵਾਜ਼ ਸੰਸਦ ਵਿਚ ਬੁਲੰਦ ਕਰਨਗੇ। ਇਸ ਦੌਰਾਨ ਧੂਰੀ ਤੋਂ ਸਾਬਕਾ ਵਿਧਾਇਕ ਅਤੇ ਕਾਂਗਰਸ ਛੱਡ ਕੇ 'ਆਪ' ਵਿਚ ਸ਼ਾਮਲ ਹੋਏ ਦਲਬੀਰ ਸਿੰਘ ਗੋਲਡੀ ਜਦੋਂ ਸੰਬੋਧਨ ਲਈ ਉਠੇ ਤਾਂ ਪੰਡਾਲ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਗੂੰਜ ਉਠਿਆ। ਗੋਲਡੀ ਨੇ ਆਪਣੇ ਸੰਬੋਧਨ ਵਿੱਚ ਕਾਂਗਰਸ ਨੂੰ ਰਜਵਾੜਿਆਂ ਦੀ ਪਾਰਟੀ ਦੱਸਦਿਆਂ ਕਾਂਗਰਸੀ ਉਮੀਦਵਾਰ ਸੁਖਪਾਲ ਖਹਿਰਾ ਅਤੇ ਹਾਈਕਮਾਂਡ ਖਿਲਾਫ ਭੜਾਸ ਕੱਢੀ।






# ROYAL
## INDIAN CUISINE

**407-778-3064**

8216 World Center Dr. Orlando FL 32821

# FLAVORS OF INDIA
## indian restaurant

11701 international dr #310, orlando fl 32821

## ਸਟਾਫ ਦੀ ਲੋੜ ਹੈ

**ਸਾਨੂੰ ਸ਼ੈਫ, ਤੰਦੂਰੀਆ ਅਤੇ ਪੰਜਾਬੀ ਵੇਟਰਾਂ ਦੀ ਲੋੜ ਹੈ।**

We looking for Punjabi chefs , Tandooriaa and Indian servers !!

COME ON IN AND TIKKA BITE...






**Tel:407-778-5255**

www.royalindiaorlando.com

www.flavorsofindiaorlando.com
we cater & Deliver



Charajeet jhally
646-201-0197



Raj Jhamat
646-371-3450



Harry bhai Athouli wala
252-370-2111

Design:Shaanepunjabusa